ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ

PUNJABI DUNIYA

*Since April 2005* | Editor : Sharanjit Singh Thind | *Weekly*

Vol. 19 Issue 21 | Friday August 23 to 29 August, 2024 | Published Weekly from New York | www.PUNJABIDUNIYAMEDIA.com

Thinking of Buying/Selling ?
MINZONE REALTY INC.
Baldev Singh
Associate Broker/Notary Public
146-20 34 av. Flushing NY 11354
Cell : 917-224-7395
Email : josanbaldev@yahoo.com

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

## ਪੰਜਾਬੀ ਦੁਨੀਆ

PUNJABI DUNIYA

The South Asian

## INSIDER



ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

ਪੰਜਾਬੀ ਦੁਨੀਆ

PUNJABI DUNIYA

Baldev Singh

ਟਰੰਪ ਤੇ ਫਿਰ ਹਮਲੇ ਦੀ ਸਾਜ਼ਿਸ਼?

ਕਨਵੈਨਸ਼ਨ ਸੈਂਟਰ ਦੇ ਬਾਹਰ ਪੁਲਿਸ ਨੇ ਚਾਕੂ ਲਹਿਰਾਉਂਦੇ ਵਿਅਕਤੀ ਨੂੰ ਕੀਤਾ ਢੇਰ, AK-47 ਬਰਾਮਦ

ਓਮਾਨ: ਮਸਜਿਦ ਨਜ਼ਦੀਕ ਗੋਲੀਬਾਰੀ ਦੌਰਾਨ 1 ਭਾਰਤੀ ਸਮੇਤ 6 ਦੀ ਮੌਤ

ਦਿਲਜੀਤ ਦੇ ਸ਼ੋਅ ਦੀ ਰਿਹਰਸਲ 'ਚ ਪੁੱਜੇ ਟਰੂਡੋ

ਕਿਸਾਨਾਂ ਦੀ ਹਰਿਆਣਾ ਪੁਲਸ ਨਾਲ ਬਣੀ ਸਹਿਮਤੀ, ਹਿਰਾਸਤ 'ਚ ਲਏ ਆਗੂ ਹੋਏ ਰਿਹਾਅ

Insurance

Are you paying too much for Auto, Home, Business, Workman Compensation, Contractors, General Liability, E&O ?
Call us today for complimentary Analysis of your policy.
Sharanjit Singh Thind, Phone 646 875 8495



The South Asian

INSIDER

Voice of South Asian Community Since March 2002

Vol. 23 Issue 20 Friday 19 July to 25 July 2024 $1 www.thesouthasianinsider.com

Why Donald Trump chose J.D. Vance to be his running mate

Page 11

House Oversight panel subpoenas Secret Service director to testify on Trump assassination attempt

Story on Page 11

Interpol arrests 300 people in a global crackdown on West African crime groups

Story on Page 11

Are you paying too Much for Business Insurance ?
Call us today to find out how much you can save?
Phone: 646 875 8495
Advt.

New trans sports restrictions in New York hit with legal battles

Story on Page 13

Sikh Republican Harmeet Dhillon flamed for 'Ardas' at party meet: 'Blasphemous'

Story on Page 13

UK busts gang of British-Indians over drugs, money laundering after 2-year probe

Story on Page 12

From Misinformation To Fraud, The Alarming Rise Of Deepfakes In India

Story on Page 12

Sen. Bob Menendez found guilty on all counts, including acting as foreign agent, in federal corruption trial

Story on Page 13

**Youtube, Facbook, Twiter, Instagramme, Linkedin, Tiktok**

ਅੱਜ ਦਾ ਜ਼ਮਾਨਾ ਸੋਸ਼ਲ ਮੀਡੀਆ ਦਾ ਜ਼ਮਾਨਾ ਹੈ
ਤੇ ਤੁਸੀਂ ਵੀ ਸਾਡੇ ਰਾਹੀਂ ਆਪਣੇ
ਕਾਰੋਬਾਰ ਨੂੰ ਵਧਾਉਣ ਲਈ ਅੱਜ ਹੀ ਸਾਡੇ ਨਾਲ ਸੰਪਰਕ ਕਰੋ

**ਅਮਰੀਕਾ ਤੋਂ ਪ੍ਰਕਾਸ਼ਿਤ ਹੋ ਰਹੇ**

**ਪੰਜਾਬੀ ਦੁਨੀਆ ਅਖ਼ਬਾਰ**

**ਵਿਚ ਆਪਣੀ ਛਪਣਯੋਗ ਸਮੱਗਰੀ ਹੇਠ ਲਿਖੇ ਈਮੇਲ ਪਤੇ ਤੇ ਭੇਜੋ। ਸਮੱਗਰੀ ਪੰਜਾਬੀ ਦੇ ਕਿਸੇ ਵੀ ਫੌਂਟ ਵਿਚ ਤੁਸੀਂ ਭੇਜ ਸਕਦੇ ਹੋ**

punjabiduniya@gmail.com,
/www.thesouthasianinsider.com/punjabi-duniya

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ

PUNJABI DUNIYA

Since April 2005 | Editor : Sharanjit Singh Thind | Weekly

Vol. 19 Issue 21 | Friday August 23 to 29 August, 2024 | Published Weekly from New York | www.PUNJABIDUNIYAMEDIA.com


Thinking of Buying/Selling ?
WINZONE REALTY INC.



Baldev Singh
Associate Broker/Notary Public
146-20 34 av. Flushing NY 11354
Cell : 917-224-7395
Email : josanbaldev@yahoo.com

# ਕਮਲਾ ਹੈਰਿਸ ਅਮਰੀਕੀ ਰਾਸ਼ਟਰਪਤੀ ਦੇ ਅਹੁਦੇ ਲਈ ਅਧਿਕਾਰਤ ਉਮੀਦਵਾਰ ਵਜੋਂ ਨਾਮਜ਼ਦ

ਵਾਸ਼ਿੰਗਟਨ- ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੂੰ ਡੈਮੋਕ੍ਰੇਟਿਕ ਪਾਰਟੀ ਨੇ ਰਾਸ਼ਟਰਪਤੀ ਅਹੁਦੇ ਲਈ ਆਪਣੀ ਅਧਿਕਾਰਤ ਉਮੀਦਵਾਰ ਵਜੋਂ ਨਾਮਜ਼ਦ ਕੀਤਾ ਹੈ। ਰੂਸੀ ਸਮਾਚਾਰ ਏਜੰਸੀ ਸਪੁਟਨਿਕ ਨੇ ਦੱਸਿਆ ਕਿ ਸ਼ਿਕਾਗੋ ਦੇ ਯੂਨਾਈਟਿਡ ਸੈਂਟਰ ਦੇ ਇਨਡੋਰ ਸਪੋਰਟਸ ਅਖਾੜੇ ਵਿੱਚ ਮੰਗਲਵਾਰ ਸ਼ਾਮ ਨੂੰ ਆਗਾਮੀ ਨਵੰਬਰ ਦੇ ਰਾਸ਼ਟਰਪਤੀ ਚੋਣ ਵਿੱਚ ਹੈਰਿਸ ਨੂੰ ਉਮੀਦਵਾਰ ਵਜੋਂ ਚੁਣਨ ਲਈ ਇੱਕ ਵੋਟਿੰਗ



ਹੋਈ। ਇਸ ਪੋਲ ਵਿੱਚ ਡੇਲਾਵੇਅਰ ਰਾਜ ਨੇ ਸਭ ਤੋਂ ਪਹਿਲਾਂ ਵੋਟ ਦਿੱਤੀ ਅਤੇ ਹੈਰਿਸ ਦੀ ਉਮੀਦਵਾਰੀ ਲਈ ਸਮਰਥਨ ਪ੍ਰਗਟ ਕੀਤਾ। ਵਰਣਨਯੋਗ ਹੈ ਕਿ ਵੋਟਿੰਗ ਤੋਂ ਇਕ ਦਿਨ ਪਹਿਲਾਂ ਹੈਰਿਸ, ਰਾਸ਼ਟਰਪਤੀ ਜੋਅ ਬਾਈਡੇਨ ਅਤੇ ਉਨ੍ਹਾਂ ਦੀ ਪਤਨੀ ਜਿਲ ਦੇ ਨਾਲ-ਨਾਲ ਪਾਰਟੀ ਦੇ ਕਈ ਉੱਚ-ਅਧਿਕਾਰੀਆਂ ਨੇ ਪਾਰਟੀ ਮੈਂਬਰਾਂ ਨੂੰ ਸੰਬੋਧਨ ਕੀਤਾ ਸੀ। ਹੈਰਿਸ ਨੇ ਡੈਮੋਕ੍ਰੇਟਿਕ ਨੈਸ਼ਨਲ ਕਨਵੈਨਸ਼ਨ (4©3) ਦੇ ਹਾਜ਼ਰੀਨ ਨੂੰ ਸੰਬੋਧਿਤ ਕੀਤਾ ਅਤੇ ਆਪਣੀ ਉਮੀਦਵਾਰੀ ਦਾ ਸਮਰਥਨ ਕਰਨ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਜ਼ਿਕਰਯੋਗ ਹੈ ਕਿ ਹੈਰਿਸ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਇੱਕ ਵਰਚੁਅਲ ਰੋਲ ਕਾਲ ਵੋਟ ਵਿੱਚ ਡੈਮੋਕ੍ਰੇਟਿਕ ਰਾਸ਼ਟਰਪਤੀ ਅਹੁਦੇ ਲਈ ਉਮੀਦਵਾਰ ਬਣਨ ਲਈ ਪਹਿਲਾਂ ਹੀ ਕਾਫ਼ੀ ਡੈਲੀਗੇਟ ਪ੍ਰਾਪਤ ਕਰ ਲਏ ਸਨ। ਹੈਰਿਸ ਨੂੰ ਉਸਦੇ ਗ੍ਰਹਿ ਰਾਜ ਕੈਲੀਫੋਰਨੀਆ ਵਿੱਚ 482 ਵੋਟਾਂ ਮਿਲੀਆਂ, ਜਿਸ ਨਾਲ ਉਹ ਸਿਖਰ ਤੇ ਰਹੀ।

ਡੈਮੋਕ੍ਰੇਟਿਕ ਨੈਸ਼ਨਲ ਕਮੇਟੀ ਨੇ 6 ਅਗਸਤ ਨੂੰ ਘੋਸ਼ਣਾ ਕੀਤੀ ਕਿ ਹੈਰਿਸ ਨੂੰ ਪੰਜ ਦਿਨਾਂ ਦੀ ਔਨਲਾਈਨ ਵੋਟਿੰਗ ਪ੍ਰਕਿਰਿਆ ਤੋਂ ਬਾਅਦ ਅਧਿਕਾਰਤ ਤੌਰ ਤੇ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਵਜੋਂ ਪ੍ਰਮਾਣਿਤ ਕੀਤਾ ਗਿਆ ਹੈ। 19 ਤੋਂ 22 ਅਗਸਤ ਤੱਕ ਡੈਮੋਕ੍ਰੇਟਿਕ ਨੈਸ਼ਨਲ ਕਨਵੈਨਸ਼ਨ 2014 ਸ਼ਿਕਾਗੋ ਦੇ ਯੂਨਾਈਟਿਡ ਸੈਂਟਰ ਵਿੱਚ ਆਯੋਜਿਤ ਕੀਤੀ ਜਾ ਰਹੀ ਹੈ। ਸਾਬਕਾ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ, ਸਾਬਕਾ ਫਸਟ ਲੇਡੀ ਮਿਸ਼ੇਲ ਓਬਾਮਾ ਅਤੇ ਵਰਮੌਂਟ ਦੇ ਸੈਨੇਟਰ ਬਰਨੀ ਸੈਂਡਰਸ ਸਮੇਤ ਕਈ ਪ੍ਰਮੁੱਖ ਡੈਮੋਕ੍ਰੇਟਸ ਨੇ ਮੰਗਲਵਾਰ ਦੇ ਸਮਾਗਮ ਨੂੰ ਸੰਬੋਧਨ ਕੀਤਾ। ਵਰਣਨਯੋਗ ਹੈ ਕਿ ਸੰਮੇਲਨ ਦੌਰਾਨ ਇਜ਼ਰਾਈਲ-ਫਲਸਤੀਨ ਸੰਘਰਸ਼ ਤੇ ਬਾਈਡੇਨ ਪ੍ਰਸ਼ਾਸਨ ਦੀਆਂ ਨੀਤੀਆਂ ਖ਼ਿਲਾਫਡ ਸ਼ਿਕਾਗੋ ਦੀਆਂ ਸੜਕਾਂ ਤੇ ਫਲਸਤੀਨ ਪੱਖੀ ਪ੍ਰਦਰਸ਼ਨ ਕੀਤੇ ਗਏ। ਕਈ ਪ੍ਰਦਰਸ਼ਨਕਾਰੀਆਂ ਨੂੰ ਮੰਗਲਵਾਰ ਰਾਤ ਸ਼ਿਕਾਗੋ ਦੇ ਡਾਊਨਟਾਊਨ ਵਿੱਚ ਇਜ਼ਰਾਈਲੀ ਕੌਂਸਲੇਟ ਦੇ ਸਾਹਮਣੇ ਗ੍ਰਿਫ਼ਤਾਰ ਕੀਤਾ ਗਿਆ, ਇੱਕ ਦਿਨ ਬਾਅਦ ਹਜ਼ਾਰਾਂ ਪ੍ਰਦਰਸ਼ਨਕਾਰੀ ਯੂਨਾਈਟਿਡ ਸੈਂਟਰ ਨੇੜੇ ਇਕੱਠੇ ਹੋਏ, ਜਿਨ੍ਹਾਂ ਵਿੱਚੋਂ ਚਾਰ ਨੂੰ ਸੁਰੱਖਿਆ ਵਾੜ ਤੋੜਨ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ।ਬਾਈਡੇਨ ਨੇ ਕਰੀਬ ਘੰਟੇ ਦੇ ਭਾਸ਼ਣ ਨਾਲ ਕਾਨਫਰੰਸ ਦੇ ਪਹਿਲੇ ਦਿਨ ਦੀ ਸਮਾਪਤੀ ਕੀਤੀ। ਆਪਣੇ ਭਾਸ਼ਣ ਵਿੱਚ, ਉਸਨੇ ਸਾਬਕਾ ਰਾਸ਼ਟਰਪਤੀ ਅਤੇ ਰਿਪਬਲਿਕਨ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਡੋਨਾਲਡ ਟਰੰਪ @ਤੇ ਤਿੱਖਾ ਹਮਲਾ ਕੀਤਾ ਅਤੇ ਵੋਟਰਾਂ ਨੂੰ ਵ੍ਹਾਈਟ ਹਾਊਸ ਲਈ ਹੈਰਿਸ ਦਾ ਸਮਰਥਨ ਕਰਨ ਦੀ ਅਪੀਲ ਕੀਤੀ।

## ਕਮਲਾ ਹੈਰਿਸ ਹੋਵੇਗੀ ਅਮਰੀਕਾ ਦੀ ਭਵਿੱਖੀ ਰਾਸ਼ਟਰਪਤੀ : ਬਰਾਕ ਓਬਾਮਾ

ਵਾਸ਼ਿੰਗਟਨ- ਅਮਰੀਕੀ ਰਾਸ਼ਟਰਪਤੀ ਚੋਣਾਂ ਦਾ ਰੋਮਾਂਚ ਜਾਰੀ ਹੈ।ਇਸ ਦੌਰਾਨ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦਾ ਕਹਿਣਾ ਹੈ ਕਿ ਇਸ ਪਿਛੋਕੜ ਵਿੱਚ ਅਮਰੀਕਾ ਹੁਣ ਕਮਲਾ ਹੈਰਿਸ ਲਈ ਤਿਆਰ ਹੈ, ਜੋ ਡੈਮੋਕ੍ਰੇਟਿਕ ਪਾਰਟੀ ਦੀ ਤਰਫੋਂ ਰਾਸ਼ਟਰਪਤੀ ਦੇ ਅਹੁਦੇ ਲਈ ਚੋਣ ਲੜ ਰਹੀ ਹੈ। ਉਨ੍ਹਾਂ ਭਰੋਸਾ



ਪ੍ਰਗਟਾਇਆ ਕਿ ਜ਼ਿੰਦਗੀ ਭਰ ਲੋਕਾਂ ਲਈ ਕੰਮ ਕਰਨ ਵਾਲੇ ਵਿਅਕਤੀ ਨੂੰ ਹੀ ਚੁਣਿਆ ਗਿਆ ਹੈ। ਉਹ ਅਮਰੀਕਾ ਦੀ ਭਵਿੱਖੀ ਰਾਸ਼ਟਰਪਤੀ ਹੋਵੇਗੀ।

ਓਬਾਮਾ ਨੇ ਇਸ ਮੌਕੇ ਟਿੱਪਣੀ ਕੀਤੀ ਕਿ ਜੋਅ ਬਾਈਡੇਨ ਦੇਸ਼ ਦੇ ਇਤਿਹਾਸ ਵਿੱਚ ਇੱਕ ਮਹਾਨ ਰਾਸ਼ਟਰਪਤੀ ਦੇ ਰੂਪ ਵਿੱਚ ਦੇਖੇ ਜਾਂਦੇ ਹਨ।ਇਸ ਦੌਰਾਨ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਸ਼ਿਕਾਗੋ ਵਿੱਚ ਡੈਮੋਕ੍ਰੇਟਿਕ ਪਾਰਟੀ ਦੇ ਨੈਸ਼ਨਲ ਕਨਵੈਨਸ਼ਨ ਦੇ ਹਿੱਸੇ ਵਜੋਂ ਬੋਲਿਆ। ਬਰਾਕ ਓਬਾਮਾ ਨੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਆਲੋਚਨਾ ਕੀਤੀ ਅਤੇ ਕਿਹਾ ਕਿ ਅਮਰੀਕੀਆਂ ਨੂੰ ਆਪਣੇ ਭਵਿੱਖ ਲਈ ਵੋਟ ਦੇਣਾ ਚਾਹੀਦਾ ਹੈ। ਰਿਪਬਲਿਕਨ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਡੋਨਾਲਡ ਟਰੰਪ ਕਮਲਾ ਹੈਰਿਸ ਤੋਂ ਹਾਰਨ ਤੋਂ ਡਰਦੇ ਹਨ। ਨਾਲ ਹੀ ਉਨ੍ਹਾਂ ਦੀ ਪਤਨੀ ਮਿਸ਼ੇਲ ਓਬਾਮਾ ਨੇ ਵੀ ਕਮਲਾ ਹੈਰਿਸ ਦੇ ਸਮਰਥਨ ਚ ਭਾਸ਼ਣ ਦਿੱਤਾ।

## ਅੰਮ੍ਰਿਤਪਾਲ ਦੀ ਕਥਿਤ ਨਿੱਜੀ ਕਾਨੂੰਨੀ ਸਲਾਹਕਾਰ ਦਾ ਕਾਰਾ

ਮਾਲਟਨ: ਡਿਬਰੂਗੜ ਦੇ ਇੱਕ ਨਾਮੀ ਹੋਟਲ 'ਚ ਧੋਖਾਧੜੀ ਦਾ ਇਕ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ ਜਿੱਥੇ ਪੰਜਾਬ ਤੋਂ ਅਜ਼ਾਦ MP ਅੰਮ੍ਰਿਤਪਾਲ ਸਿੰਘ ਦੀ ਕਾਨੂੰਨੀ ਸਲਾਹਕਾਰ ਹੋਣ ਦਾ ਦਾਅਵਾ ਕਰਨ ਵਾਲੀ ਇਕ ਔਰਤ ਨੇ 53 ਹਜ਼ਾਰ ਰੁਪਏ ਦਾ ਜਾਅਲੀ ਭੁਗਤਾਨ ਕਰ ਕੇ ਸੰਸਥਾ ਨਾਲ ਘਪਲਾ ਕਰ ਫ਼ਰਾਰ ਹੋ ਗਈ ਹੈ। ਸੂਤਰਾਂ ਮੁਤਾਬਿਕ ਪ੍ਰਿਆ ਮਿਸ਼ਰਾ ਅੰਮ੍ਰਿਤਪਾਲ ਸਿੰਘ ਦੀ ਨਿੱਜੀ ਕਾਨੂੰਨੀ ਸਲਾਹਕਾਰ ਵਜੋਂ ਪਛਾਣ ਕੀਤੀ ਗਈ ਹੈ।ਹੋਟਲ ਅਧਿਕਾਰੀਆਂ ਦੇ ਅਨੁਸਾਰ ਪ੍ਰਿਆ ਮਿਸ਼ਰਾ ਪਿਛਲੇ ਇਕ ਮਹੀਨੇ ਤੋਂ ਵੱਧ ਸਮੇਂ ਤੋਂ ਹੋਟਲ 'ਚ ਰਹਿ ਰਹੀ ਸੀ ਅਤੇ ਤਕਰੀਬਨ ਹਰ ਰੋਜ਼ ਅੰਮ੍ਰਿਤਪਾਲ ਸਿੰਘ ਨੂੰ ਮਿਲਣ ਜੇਲ ਜਾਂਦੀ ਸੀ ਜਿਸ



ਦਾ ਕੁੱਲ ਇਕ ਲੱਖ 53 ਹਜ਼ਾਰ ਰੁਪਏ ਦਾ ਬਿੱਲ ਇਕੱਠਾ ਹੋਇਆ ਸੀ। ਉਸ ਨੇ ਇੱਕ ਲੱਖ ਰੁਪਏ ਨਕਦ ਅਦਾ ਕੀਤੇ, ਪਰ ਆਪਣੇ ਫ਼ੋਨ 'ਤੇ ਜਾਅਲੀ ਭੁਗਤਾਨ ਦੀ ਪੁਸ਼ਟੀ ਦਿਖਾ ਕੇ ਬਾਕੀ 53 ਹਜ਼ਾਰ ਦਾ ਨਿਪਟਾਰਾ ਕਰਨ ਦੀ ਕੋਸ਼ਿਸ਼ ਕੀਤੀ। ਫ਼ਰਜ਼ੀ ਪੇਮੈਂਟ ਸਕਰੀਨ ਦਿਖਾਉਣ ਤੋਂ ਬਾਅਦ, ਉਹ ਜਲਦੀ ਨਾਲ ਹੋਟਲ ਤੋਂ ਰਵਾਨਾ ਹੋ ਗਈ ਅਤੇ ਓਦੋਂ ਤੋਂ ਉਸ ਨੇ ਆਪਣਾ ਫ਼ੋਨ ਬੰਦ ਕੀਤਾ ਹੋਇਆ ਹੈ।ਸੂਤਰਾਂ ਮੁਤਾਬਿਕ, ਜਦੋਂ ਹੋਟਲ ਨੇ ਭੁਗਤਾਨ ਦੀ ਪੁਸ਼ਟੀ ਕਰਨ ਦੀ ਕੋਸ਼ਿਸ਼ ਕੀਤੀ ਅਤੇ ਧੋਖਾਧੜੀ ਦਾ ਪਤਾ ਲਗਾਇਆ ਤਾਂ ਹੋਟਲ ਸਟਾਫ਼ ਨੇ ਪੁਲੀਸ ਕੋਲ ਸ਼ਿਕਾਇਤ ਦਰਜ ਕਰਵਾਈ ਗਈ ਜੋ ਫ਼ਿਲਹਾਲ ਘਟਨਾ ਦੀ ਜਾਂਚ ਕਰ ਰਹੀ ਹੈ।

## ਟਰੰਪ ਦਾ ਵੱਡਾ ਐਲਾਨ, ਰਾਸ਼ਟਰਪਤੀ ਬਣਦੇ ਹੀ ਕੈਬਨਿਟ ਚ ਐਲੋਨ ਮਸਕ ਨੂੰ ਦੇਣਗੇ ਅਹਿਮ ਜਗ੍ਹਾ

ਵਾਸ਼ਿੰਗਟਨ - ਡੋਨਾਲਡ ਟਰੰਪ ਅਤੇ ਕਮਲਾ ਹੈਰਿਸ ਅਮਰੀਕਾ ਵਿੱਚ ਰਾਸ਼ਟਰਪਤੀ ਚੋਣ ਲਈ ਪ੍ਰਚਾਰ ਕਰ ਰਹੇ ਹਨ। ਇਸ ਚੋਣ ਵਿੱਚ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਅਮਰੀਕਾ ਦੇ ਨਾਗਰਿਕਾਂ ਨਾਲ ਵੱਡੇ-ਵੱਡੇ ਵਾਅਦੇ ਕਰ ਰਹੇ ਹਨ। ਹੁਣ ਇਸ ਵਿਚਕਾਰ ਉਨ੍ਹਾਂ ਨੇ ਟੇਸਲਾ ਦੇ ਮਾਲਕ ਐਲੋਨ ਮਸਕ ਨੂੰ ਇਕ ਵੱਡੀ ਪੇਸ਼ਕਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਮੈਂ ਰਾਸ਼ਟਰਪਤੀ ਬਣ ਜਾਂਦਾ ਹਾਂ ਤਾਂ ਮੈਂ ਐਲੋਨ ਮਸਕ ਨੂੰ ਸਰਕਾਰ ਵਿੱਚ ਮੰਤਰੀ ਦਾ ਅਹੁਦਾ ਜਾਂ ਅਹਿਮ ਸਲਾਹਕਾਰ ਦੀ ਭੂਮਿਕਾ ਦੇਵਾਂਗਾ। ਮਹੱਤਵਪੂਰਨ ਗੱਲ ਇਹ ਹੈ ਕਿ ਐਲੋਨ ਮਸਕ ਨੇ ਡੋਨਾਲਡ ਟਰੰਪ ਦੀ




ਪੇਸ਼ਕਸ਼ ਨੂੰ ਵੀ ਸਵੀਕਾਰ ਕਰ ਲਿਆ। ਅਤੇ ਕਿਹਾ ਕਿ ਉਹ ਸੇਵਾ ਕਰਨ ਲਈ ਤਿਆਰ ਹਨ। ਤੁਹਾਨੂੰ ਦੱਸ ਦੇਈਏ ਕਿ ਐਲੋਨ ਮਸਕ ਅਮਰੀਕਾ ਵਿੱਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਵਿੱਚ ਡੋਨਾਲਡ ਟਰੰਪ ਦੀ ਉਮੀਦਵਾਰੀ ਦਾ ਪੂਰਾ ਸਮਰਥਨ ਕਰ ਰਹੇ ਹਨ।ਸੋਸ਼ਲ ਮੀਡੀਆ ਪਲੇਟਫਾਰਮ ਐਕਸ ਤੇ ਇੱਕ ਪੋਸਟ ਵਿੱਚ, ਡੋਨਾਲਡ ਟਰੰਪ ਤੇ ਇਲਜ਼ਾਮ ਲਗਾਇਆ ਗਿਆ ਹੈ ਕਿ ਜੇਕਰ ਉਹ ਅਮਰੀਕੀ ਰਾਸ਼ਟਰਪਤੀ ਚੁਣੇ ਜਾਂਦੇ ਹਨ ਤਾਂ ਉਹ ਐਲੋਨ ਮਸਕ ਨੂੰ ਕੈਬਨਿਟ ਮੰਤਰੀ ਜਾਂ ਸਲਾਹਕਾਰ ਦੇ ਅਹੁਦੇ ਦੀ ਪੇਸ਼ਕਸ਼ ਕਰਨਗੇ।




Are you paying too much for Auto, Home, Business, Workman Compensation, Contractors, General Liability, E&O ?

*Call us today for complimentary Analysis of your policy.*

*Sharanjit Singh Thind, Phone 646 875 8495*



# ਸੀਏਏ ਤਹਿਤ 188 ਪਾਕਿਸਤਾਨੀ ਹਿੰਦੂਆਂ ਨੂੰ ਮਿਲੀ ਭਾਰਤੀ ਨਾਗਰਿਕਤਾ



ਨਵੀਂ ਦਿੱਲੀ: ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਨਾਗਰਿਕਤਾ ਸੋਧ ਐਕਟ (ਸੀਏਏ) ਤਹਿਤ 188 ਪਾਕਿਸਤਾਨੀ ਹਿੰਦੂਆਂ ਨੂੰ ਭਾਰਤੀ ਨਾਗਰਿਕਤਾ ਪ੍ਰਦਾਨ ਕੀਤੀ। ਇਸ ਦੌਰਾਨ ਉਨਾਂ ਨੇ ਅਹਿਮਦਾਬਾਦ ’ਚ ਆਯੋਜਿਤ ਇੱਕ ਪ੍ਰੋਗਰਾਮ ’ਚ ਉਨਾਂ ਨੇ ਲੋਕਾਂ ਨੂੰ ਸੰਬੋਧਨ ਵੀ ਕੀਤਾ। ਸ਼ਾਹ ਨੇ ਕਿਹਾ ਕਿ ਇਹ ਪਲ ਪਾਕਿਸਤਾਨ ’ਚ ਧਾਰਮਿਕ ਅਤਿਆਚਾਰ ਤੋਂ ਬਚਣ ਮਗਰੋਂ ਭਾਰਤ ’ਚ ਸ਼ਰਨ ਲੈਣ ਵਾਲਿਆਂ ਲਈ ਵੱਡੀ ਰਾਹਤ ਲੈ ਕੇ ਆਇਆ ਹੈ। ਸਰਕਾਰ ਗੁਆਂਢੀ ਦੇਸ਼ਾਂ ਦੇ ਹਿੰਦੂਆਂ, ਜੈਨੀਆਂ, ਬੌਧ ਅਤੇ ਸਿੱਖਾਂ ਸਮੇਤ ਘੱਟ-ਗਿਣਤੀਆਂ ਨੂੰ ਨਾਗਰਿਕਤਾ ਪ੍ਰਦਾਨ ਕਰਨ ਲਈ ਸੰਕਲਪਬੱਧ ਹੈ। ਅਸੀਂ 2019 ’ਚ ਸੀਏਏ ਲੈ ਕੇ ਆਏ। ਸੀਏਏ ਤੋਂ ਕਰੋੜਾਂ ਹਿੰਦੂ, ਜੈਨ ਅਤੇ ਸਿੱਖ ਧਰਮ ਦੇ ਲੋਕਾਂ ਨੂੰ ਨਾਗਰਿਕਤਾ ਮਿਲੇਗੀ।

ਸ਼ਾਹ ਨੇ ਅੱਗੇ ਕਿਹਾ ਕਿ ਮੈਂ ਇਨਾਂ ਪਰਿਵਾਰਾਂ ਨੂੰ ਵਧਾਈ ਦਿੰਦਾ ਹਾਂ ਜਿਨਾਂ ਨੂੰ ਨਾਗਰਿਕਤਾ ਮਿਲੀ ਹੈ। ਮੈਨੂੰ ਹੋਰ ਵੀ ਖ਼ੁਸ਼ੀ ਹੈ ਕਿ ਇਹ ਗੁਜਰਾਤ ’ਚ ਹੋ ਰਿਹਾ ਹੈ। ਸੀਏਏ ਲੋਕਾਂ ਨੂੰ ਉਨਾਂ ਦੇ ਅਧਿਕਾਰ ਅਤੇ ਨਿਆਂ ਦਿਵਾਉਣ ਦੀ ਪਹਿਲ ਹੈ। ਕਾਂਗਰਸ ਪਾਰਟੀ ਨੇ 2014 ਤਕ ਲੋਕਾਂ ਨੂੰ ਉਨਾਂ ਦੇ ਅਧਿਕਾਰ ਨਹੀਂ ਦਿੱਤੇ। ਜ਼ਿਕਰਯੋਗ ਹੈ ਕਿ ਗੁਜਰਾਤ ਸਰਕਾਰ ਨੇ ਹੁਣ ਤਕ CAA ਤਹਿਤ ਅਹਿਮਦਾਬਾਦ ਜ਼ਿਲੇ ਦੇ 1, 167 ਲੋਕਾਂ ਨੂੰ ਭਾਰਤੀ ਨਾਗਰਿਕਤਾ ਦਿੱਤੀ ਹੈ।

ਸੀਏਏ ਦਾ ਇਤਿਹਾਸਕ ਸੰਦਰਭ ਦਿੰਦੇ ਹੋਏ ਸ਼ਾਹ ਨੇ ਕਿਹਾ, “ਕਰੋੜਾਂ ਭਾਰਤੀ ਧਰਮ ਦੇ ਆਧਾਰ ’ਤੇ ਵੰਡ ਦੌਰਾਨ ਹੋਈਆਂ ਸਮੱਸਿਆਵਾਂ ਨੂੰ ਨਹੀਂ ਭੁੱਲ ਸਕਦੇ। ਕਾਂਗਰਸ ਨੇ ਆਪਣੇ ਵੋਟ ਬੈਂਕ ਨੂੰ ਖੁਸ਼ ਕਰਨ ਲਈ ਲੋਕਾਂ ਨੂੰ ਨਾਗਰਿਕਤਾ ਨਹੀਂ ਦਿੱਤੀ। ਸਾਡਾ ਇਤਿਹਾਸ ਇਸ ਨੂੰ ਹਮੇਸ਼ਾ ਯਾਦ ਰੱਖੇਗਾ। ਸੀਏਏ ਇਨਾਂ ਲੋਕਾਂ ਦੀ ਸੁਰੱਖਿਆ ਲਈ ਹੈ। ਪਹਿਲਾਂ ਇਸ ਕਾਨੂੰਨ ਖ਼ਿਲਾਫ਼ ਕਈ ਲੋਕਾਂ ਨੂੰ ਭੜਕਾਇਆ ਗਿਆ ਸੀ। ਕਿਸੇ ਨੂੰ ਵੀ ਆਪਣੀ ਨਾਗਰਿਕਤਾ ਨਹੀਂ ਛੱਡਣੀ ਪਵੇਗੀ। ਤੁਹਾਡੀ ਨੌਕਰੀ, ਘਰ ਅਤੇ ਨਾਗਰਿਕਤਾ ਸੁਰੱਖਿਅਤ ਹਨ। ਅਮਿਤ ਸ਼ਾਹ ਨੇ ਕਿਹਾ ਕਿ ਸੀਏਏ ਨੂੰ ਲੈ ਕੇ ਮੁਸਲਮਾਨਾਂ ਨੂੰ ਭੜਕਾਇਆ ਗਿਆ। ਮੈਂ ਆਪਣੇ ਮੁਸਲਿਮ ਭਰਾਵਾਂ ਅਤੇ ਭੈਣਾਂ ਨੂੰ ਇਹ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਇਹ ਕਿਸੇ ਦੀ ਨਾਗਰਿਕਤਾ ਖੋਹਣ ਲਈ ਨਹੀਂ ਸਗੋਂ ਉਨਾਂ ਨੂੰ ਨਾਗਰਿਕਤਾ ਦੇਣ ਲਈ ਹੈ। ”


# ਸੁਖਬੀਰ ਦੇ ਗਿੱਦੜਬਾਹਾ ਤੋਂ ਜ਼ਿਮਨੀ ਚੋਣ ਲੜਨ ਦੀ ਸੰਭਾਵਨਾ

ਗਿੱਦੜਬਾਹਾ: ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਗਿੱਦੜਬਾਹਾ ਤੋਂ ਜ਼ਿਮਨੀ ਚੋਣ ਲੜਨ ਦੀ ਸੰਭਾਵਨਾ ਹੈ। ਉਨਾਂ ਨੇ ਗਿੱਦੜਬਾਹਾ ਹਲਕੇ



’ਚ ਸਰਗਰਮੀਆਂ ਵਧਾ ਦਿੱਤੀਆਂ ਹਨ। ਇਸ ਕਾਰਨ ਸਿਆਸੀ ਗਲਿਆਰਿਆਂ ’ਚ ਚਰਚਾ ਛਿੜ ਗਈ ਹੈ ਕਿ ਉਹ ਇੱਥੋਂ ਚੋਣ ਲੜ ਸਕਦੇ ਹਨ।

ਹਾਲਾਂਕਿ ਪਾਰਟੀ ਵਲੋਂ ਇਸ ਸਬੰਧੀ ਕੋਈ ਪੁਸ਼ਟੀ ਨਹੀਂ ਕੀਤੀ ਗਈ। ਸੁਖਬੀਰ ਸਿੰਘ ਬਾਦਲ ਵਲੋਂ ਲਗਾਤਾਰ ਦੂਜੇ ਦਿਨ ਇੱਥੇ ਦੌਰਾ ਕੀਤਾ ਗਿਆ। ਇਸ ਹਲਕੇ ਤੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵਿਧਾਇਕ ਸਨ ਜੋ ਹੁਣ ਲੁਧਿਆਣਾ ਲੋਕ ਸਭਾ ਹਲਕੇ ਤੋਂ ਸੰਸਦ ਮੈਂਬਰ ਬਣ ਚੁੱਕੇ ਹਨ। ਇਸ ਕਾਰਨ ਹੁਣ ਇਸ ਸੀਟ ’ਤੇ ਜ਼ਿਮਨੀ ਚੋਣ ਹੋਣੀ ਹੈ।ਗਿੱਦੜਬਾਹਾ ਵਿਧਾਨ ਸਭਾ ਹਲਕੇ ਨੂੰ ਕਾਂਗਰਸ ਦਾ ਗੜ ਮੰਨਿਆ ਜਾਂਦਾ ਹੈ। ਰਾਜਾ ਵੜਿੰਗ 2012 ਤੋਂ ਲਗਾਤਾਰ ਤਿੰਨ ਵਾਰ ਇਸ ਹਲਕੇ ਤੋਂ ਜਿੱਤ ਕੇ ਵਿਧਾਇਕ ਬਣਦੇ ਰਹੇ ਹਨ। ਜੇਕਰ ਸੁਖਬੀਰ ਬਾਦਲ ਇੱਥੋਂ ਚੋਣ ਲੜ ਕੇ ਕਾਂਗਰਸ ਦਾ ਗੜ ’ਚ ਸੰਨ ਲਾਉਣ ਦੀ ਕੋਸ਼ਿਸ਼ ਕਰਦੇ ਹਨ ਤਾਂ ਇਹ ਮੁਕਾਬਲਾ ਬਹੁਤ ਦਿਲਚਸਪ ਬਣ ਜਾਵੇਗਾ।






# ਟ੍ਰੇਨੀ ਡਾਕਟਰ ਦੀ ਹੱਤਿਆ ਦੇ ਪਿੱਛੇ ਮਨੁੱਖੀ ਅੰਗਾਂ ਦੀ ਸਮੱਗਲਿੰਗ ਦਾ ਸ਼ੱਕ

ਨਵੀਂ ਦਿੱਲੀ- ਕੋਲਕਾਤਾ ਦੇ ਆਰ. ਜੀ. ਕਰ ਮੈਡੀਕਲ ਕਾਲਜ 'ਚ ਟ੍ਰੇਨੀ ਡਾਕਟਰ ਨਾਲ ਸਹਿਯੋਗੀ ਰਿਪੋਰਟ ਅਤੇ ਹੱਤਿਆ ਦੇ ਮਾਮਲੇ 'ਚ ਹੈਰਾਨ ਕਰਨ ਵਾਲੀ ਜਾਣਕਾਰੀ ਸਾਹਮਣੇ ਆ ਰਹੀ ਹੈ।ਸੀਬੀਆਈ ਨੂੰ ਹੁਣ ਤਕ ਦੀ ਜਾਂਚ ਅਤੇ ਡਾਕਟਰ ਦੇ ਸਹਿਯੋਗੀਆਂ ਦੇ ਬਿਆਨਾਂ ਤੋਂ ਪਤਾ ਲੱਗਾ ਹੈ ਕਿ ਮਨੁੱਖੀ ਅੰਗਾਂ ਦੇ ਗ਼ੈਰ-ਕਾਨੂੰਨੀ ਵਪਾਰ ਦੀ ਸੱਚਾਈ ਨੂੰ ਬਾਹਰ ਆਉਣ ਤੋਂ ਰੋਕਣ ਲਈ ਸ਼ਾਇਦ ਟ੍ਰੇਨੀ ਡਾਕਟਰ ਨੂੰ ਹਟਾਇਆ ਗਿਆ ਸੀ। ਸੀਬੀਆਈ ਨੇ 13 ਲੋਕਾਂ ਤੋਂ ਪੁੱਛਗਿਛ ਕੀਤੀ। ਦੋ ਦਿਨਾਂ 'ਚ ਉਹ 19 ਲੋਕਾਂ ਤੋਂ ਪੁੱਛਗਿੱਛ ਕਰ ਚੁੱਕੀ ਹੈ। ਇਸ 'ਚੋਂ ਅੱਧੇ ਤੋਂ ਵੱਧ ਲੋਕਾਂ ਨੇ ਜਾਣਕਾਰੀ ਦਿੱਤੀ।ਟੀਮ ਦਾ ਦਾਅਵਾ ਹੈ ਕਿ ਜਲਦੀ ਹੀ ਕਈ ਸਫ਼ੇਦਪੋਸ਼ ਚਿਹਰੇ ਸਾਹਮਣੇ ਆਉਣਗੇ।ਸੀਬੀਆਈ ਦੇ ਸੂਤਰਾਂ ਨੇ ਦੱਸਿਆ ਕਿ ਮਾਮਲਾ ਬਹੁਤ ਗਹਿਰਾ ਹੈ। ਕੁਕਰਮ ਇਸ ਲਈ ਕੀਤਾ ਗਿਆ ਕਿ ਇਹ ਆਮ ਘਟਨਾ ਵਾਂਗ ਲੱਗੇ। ਇੱਕ ਸਿਆਸੀ ਦਲ ਦੇ ਸੀਨੀਅਰ ਨੇਤਾ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਕੋਲ ਡਾਕਟਰਾਂ ਦੇ ਇੱਕ ਵਟਸਐਪ ਗਰੁੱਪ ਦੇ ਸਕ੍ਰੀਨਸ਼ੌਟਸ ਹਨ ਜਿਨ੍ਹਾਂ 'ਚ ਹਸਪਤਾਲ 'ਚ ਸੈੱਕਸ ਅਤੇ ਡਰੱਗ ਰੈਕੇਟ ਦਾ ਪਤਾ ਲੱਗਦਾ ਹੈ। ਇਸ 'ਚ ਇੱਕ ਹੋਰ ਪਾਰਟੀ ਦੇ ਸੀਨੀਅਰ ਨੇਤਾ ਅਤੇ ਉਨ੍ਹਾਂ ਦੇ ਭਤੀਜੇ ਦਾ ਜ਼ਿਕਰ ਹੈ। ਸੀਬੀਆਈ ਦੇ ਸੂਤਰਾਂ ਅਨੁਸਾਰ ਇਸ ਸੁਰਾਗ ਦੇ ਬਾਅਦ ਪੁੱਛਗਿੱਛ 'ਚ ਮੈਡੀਕਲ ਕਾਲਜ ਦੇ ਚਾਰ ਲੋਕਾਂ ਦੇ ਨਾਮ ਸਾਹਮਣੇ ਆਏ ਹਨ। ਉਨ੍ਹਾਂ 'ਚੋਂ ਤਿੰਨ ਡਾਕਟਰ ਅਤੇ ਇੱਕ ਹਾਊਸ ਸਟਾਫ਼ ਹੈ।ਦਾਅਵਾ ਹੈ ਕਿ ਇਹ ਚਾਰੋ ਇੱਕ ਸਿਆਸੀ ਦਲ ਨਾਲ ਜੁੜੇ ਹੋਏ ਹਨ ਅਤੇ ਹਸਪਤਾਲ 'ਚ ਸੈੱਕਸ ਅਤੇ ਡਰੱਗ ਰੈਕੇਟ ਚਲਾਉਂਦੇ ਸਨ। ਸੀਬੀਆਈ ਅਧਿਕਾਰੀਆਂ ਨੇ ਦੱਸਿਆ ਹੈ ਕਿ ਮਜ਼ਬੂਤ ਸਬੂਤ ਇਕੱਠੇ ਕੀਤੇ ਜਾ ਰਹੇ ਹਨ। ਇਸ ਦੌਰਾਨ ਟ੍ਰੇਨੀ ਡਾਕਟਰ ਦੇ ਪਿਤਾ ਨੇ ਬੰਗਾਲ ਮੀਡੀਆ ਨੂੰ ਕਿਹਾ ਕਿ ਘਟਨਾ 'ਚ ਪੂਰਾ ਵਿਭਾਗ ਸ਼ਾਮਿਲ ਹੈ। ਹੁਣ ਤਾਂ ਇਹ ਵੀ ਸ਼ੱਕ ਹੈ ਕਿ ਕਿਤੇ ਹੋਰ ਹੱਤਿਆ ਦੇ ਬਾਅਦ ਸਬੂਤ ਮਿਟਾਉਣ ਲਈ ਲਾਸ਼ ਨੂੰ ਸੈਮੀਨਾਰ ਰੂਮ 'ਚ ਰੱਖ ਦਿੱਤਾ ਗਿਆ ਸੀ।ਕਾਲਜ ਦੇ ਵਿਦਿਆਰਥੀਆਂ ਨੇ ਸਾਬਕਾ ਪ੍ਰਿੰਸੀਪਲ ਸੰਦੀਪ ਘੋਸ਼ 'ਤੇ ਦੋਸ਼ ਲਗਾਏ ਹਨ ਕਿ ਉਨ੍ਹਾਂ ਕੋਲ ਜਾਣਕਾਰੀ ਸੀ ਕਿ ਇੱਥੇ ਕੀ ਹੋ ਰਿਹਾ ਸੀ।ਸੀਬੀਆਈ ਨੇ ਘੋਸ਼ ਤੋਂ 13 ਘੰਟੇ ਪੁੱਛਗਿੱਛ ਕੀਤੀ। ਦੋਸ਼ ਹੈ ਕਿ ਪੋਸਟਮੌਰਟਮ ਲਈ ਆਉਣ ਵਾਲੀਆਂ ਲਾਵਾਰਿਸ ਲਾਸ਼ਾਂ ਨੂੰ ਪ੍ਰੈਕਟਿਕਲ ਲਈ ਰੱਖਿਆ ਜਾਂਦਾ ਸੀ। ਉਨ੍ਹਾਂ ਦੇ ਸ਼ਰੀਰਾਂ 'ਚੋਂ ਅੰਗ ਵੀ ਕੱਢ ਲਏ ਜਾਂਦੇ ਸਨ ਹਾਲਾਂਕਿ ਸੀਬੀਆਈ ਨੇ ਇਸ ਦੀ ਪੁਸ਼ਟੀ ਨਹੀਂ ਕੀਤੀ।




ਕੋਲਕਾਤਾ ਪੁਲੀਸ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਸ਼ੁਰੂਆਤੀ ਜਾਂਚ 'ਚ ਇੱਕ ਸਿਆਸੀ ਦਲ ਦੇ ਸੀਨੀਅਰ ਨੇਤਾ ਅਤੇ ਇੱਕ ਨੇਤਾ ਦੇ ਪੁੱਤਰ ਦਾ ਨਾਮ ਆਇਆ ਸੀ, ਪਰ ਕੋਈ ਸਬੂਤ ਨਾ ਮਿਲਣ ਕਾਰਨ ਉਨ੍ਹਾਂ ਨੂੰ ਸ਼ੱਕ ਦੇ ਘੇਰੇ ਤੋਂ ਹਟਾ ਦਿੱਤਾ ਗਿਆ। ਕੋਲਕਾਤਾ ਦੇ ਪੁਲੀਸ ਕਮਿਸ਼ਨਰ ਵਿਨੀਤ ਗੋਇਲ ਨੇ ਪੱਤਰਕਾਰਾਂ ਨੂੰ ਕਿਹਾ ਸੀ ਕਿ ਸਿਰਫ਼ ਕਿਸੇ ਬਿਆਨ ਦੇ ਆਧਾਰ 'ਤੇ ਬਿਨਾ ਪੱਕੇ ਸਬੂਤਾਂ ਦੇ ਕਿਸੇ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾ ਸਕਦਾ।ਹਸਪਤਾਲ 'ਚ ਮੈਡੀਕਲ ਕਚਰੇ ਦੇ ਨਿਪਟਾਰੇ, ਕੁੱਝ ਦਵਾਈਆਂ ਅਤੇ ਸਾਮਾਨ ਦੀ ਸਪਲਾਈ ਦਾ ਕੰਮ ਪ੍ਰਬੰਧਨ ਦੇ ਨੇੜਲਿਆਂ ਨੂੰ ਮਿਲਿਆ ਸੀ, ਪਰ ਸ਼ਰਤਾਂ ਅਨੁਸਾਰ ਸਪਲਾਈ ਨਹੀਂ ਕੀਤੀ ਜਾ ਰਹੀ ਸੀ। ਇਹ ਵੀ ਸ਼ੱਕ ਕੀਤਾ ਜਾ ਰਿਹਾ ਹੈ ਕਿ ਇਸ ਦਾ ਪਤਾ ਲੱਗਣ ਨੂੰ ਹੱਤਿਆ ਦਾ ਕਾਰਣ ਬਣਾਇਆ ਹੋ ਸਕਦਾ ਹੈ।

# ਭਾਰਤ 'ਚ ਹਰ 16 ਮਿੰਟ 'ਚ ਇੱਕ ਔਰਤ ਨਾਲ ਹੁੰਦੈ ਬਲਾਤਕਾਰ

ਨਵੀਂ ਦਿੱਲੀ-: ਉੱਤਰ ਪ੍ਰਦੇਸ਼ ਦੇ ਹਾਥਰਸ 'ਚ ਬਲਾਤਕਾਰ ਪੀੜਤਾ ਦੀ ਮੌਤ 'ਤੇ ਗੁੱਸੇ ਦੇ ਵਿਚਕਾਰ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐਨਸੀਆਰਬੀ) ਦੀ ਕ੍ਰਾਈਮ ਇਨ ਇੰਡੀਆ 2019 ਦੀ ਰਿਪੋਰਟ 'ਚ ਖ਼ੁਲਾਸਾ ਹੋਇਆ ਹੈ ਕਿ ਦੇਸ਼ ਭਰ 'ਚ ਔਰਤਾਂ ਵਿਰੁੱਧ ਆਮ ਅਪਰਾਧਾਂ 'ਚ ਭਾਰੀ ਵਾਧਾ ਹੋਇਆ ਹੈ। 2019 ਦੌਰਾਨ ਔਰਤਾਂ ਵਿਰੁੱਧ ਅਪਰਾਧਾਂ ਦੇ ਕੁੱਲ ਚਾਰ ਲੱਖ 5, 861 ਮਾਮਲੇ ਸਾਹਮਣੇ ਆਏ ਸਨ ਜੋ ਕਿ 2018 ਦੇ ਮੁਕਾਬਲੇ 7.3 ਪ੍ਰਤੀਸ਼ਤ ਦਾ ਵਾਧਾ ਦਰਸਾਉਂਦੇ ਹਨ। ਭਿਆਨਕ ਅੰਕੜਿਆਂ ਅਨੁਸਾਰ ਭਾਰਤ 'ਚ ਹਰ 16 ਮਿੰਟ 'ਚ ਇੱਕ ਔਰਤ ਨਾਲ ਕਿਤੇ ਨਾ ਕਿਤੇ ਬਲਾਤਕਾਰ ਹੁੰਦਾ ਹੈ, ਅਤੇ ਹਰ ਚਾਰ ਮਿੰਟ 'ਚ ਇੱਕ ਔਰਤ ਨੂੰ ਆਪਣੇ ਸਹੁਰਿਆਂ ਦੇ ਹੱਥੋਂ ਬੇਰਹਿਮੀ ਦਾ ਸਾਹਮਣਾ ਕਰਨਾ ਪੈਂਦਾ ਹੈ। 2019 ਵਿੱਚ ਭਾਰਤ 'ਚ ਹਰ ਰੋਜ਼ ਬਲਾਤਕਾਰ ਦੇ 88 ਮਾਮਲੇ ਸਾਹਮਣੇ ਆਏ। ਸਾਲ 'ਚ ਦਰਜ ਕੀਤੇ ਗਏ ਕੁੱਲ 32, 033 ਬਲਾਤਕਾਰ ਦੇ ਮਾਮਲਿਆਂ 'ਚੋਂ 11 ਫ਼ੀਸਦੀ ਦਲਿਤ ਭਾਈਚਾਰੇ ਦੇ ਸਨ।




IPC ਤਹਿਤ ਔਰਤਾਂ ਦੇ ਖ਼ਿਲਾਫ਼ ਅਪਰਾਧ ਦੇ ਤਹਿਤ ਜ਼ਿਆਦਾ ਮਾਮਲੇ ਪਤੀ ਜਾਂ ਉਸ ਦੇ ਰਿਸ਼ਤੇਦਾਰਾਂ ਦੁਆਰਾ (30.9%) ਦਰਜ ਕੀਤੇ ਗਏ। ਉਸ ਤੋਂ ਬਾਅਦ ਔਰਤਾਂ ਉੱਤੇ ਹਮਲਾ ਕਰਨ ਦੇ ਇਰਾਦੇ ਨਾਲ ਉਨ੍ਹਾਂ ਦਾ ਅਪਮਾਨ (21.8%), ਔਰਤਾਂ ਨੂੰ ਅਗਵਾ (17.9%) ਤੇ ਬਲਤਾਕਾਰ (7.9%) ਦਰਜ ਕੀਤੇ ਗਏ। ਐਨਸੀਆਰਬੀ ਦੁਆਰਾ ਸਾਂਝੇ ਕੀਤੇ ਗਏ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ 2018 'ਚ 58.8 ਦੀ ਤੁਲਨਾ 'ਚ 2019 'ਚ ਪ੍ਰਤੀ ਲੱਖ ਮਹਿਲਾ ਆਬਾਦੀ ਤੇ ਦਰਜ ਅਪਰਾਧ ਦਰ 62.4 ਹੈ। ਅੰਕੜਿਆਂ ਮੁਤਾਬਿਕ ਸਭ ਤੋਂ ਵੱਧ ਬਲਾਤਕਾਰ ਦੇ ਮਾਮਲੇ ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਤੋਂ ਸਾਹਮਣੇ ਆਏ ਹਨ। ਪਿਛਲੇ ਸਾਲ ਰਾਜਸਥਾਨ 'ਚ ਬਲਾਤਕਾਰ ਦੇ ਛੇ ਹਜ਼ਾਰ ਮਾਮਲੇ ਦਰਜ ਕੀਤੇ ਗਏ ਸਨ ਜਦੋਂ ਕਿ ਉੱਤਰ ਪ੍ਰਦੇਸ਼ 'ਚ 3, 065 ਮਾਮਲੇ ਦਰਜ ਕੀਤੇ ਗਏ ਸਨ।ਅੰਕੜੇ ਦਰਸਾਉਂਦੇ ਹਨ ਕਿ ਦੇਸ਼ 'ਚ ਅਗਵਾ ਦੇ ਮਾਮਲਿਆਂ 'ਚ ਵੀ ਪਿਛਲੇ ਸਾਲ ਦੇ ਮੁਕਾਬਲੇ 2019 'ਚ 0.7 ਫ਼ੀਸਦੀ ਦੀ ਗਿਰਾਵਟ ਦਰਜ ਕੀਤੀ ਗਈ ਹੈ ਜਦੋਂ ਕਿ ਕੁੱਲ ਮਾਮਲਿਆਂ 'ਚੋਂ 78.6 ਫ਼ੀਸਦੀ 'ਚ ਔਰਤਾਂ ਅਤੇ ਲੜਕੀਆਂ ਪੀੜਤ ਸਨ। 2019 'ਚ ਇੱਕ ਲੱਖ 8, 025 ਪੀੜਤਾਂ ਦੇ ਨਾਲ ਕੁੱਲ ਇੱਕ ਲੱਖ 5, 037 ਅਜਿਹੇ ਮਾਮਲੇ ਦਰਜ ਕੀਤੇ ਗਏ ਸਨ ਜਦੋਂ ਕਿ 2018 'ਚ ਇੱਕ ਲੱਖ 5, 734 ਮਾਮਲੇ ਸਾਹਮਣੇ ਆਏ ਸਨ।






# ਨਿਊ ਜ਼ੀਲੈਂਡ ਸਰਕਾਰ ਨਸ਼ੇ 'ਚ ਟੱਲੀ ਹੋ ਕੇ ਡਰਾਈਵਿੰਗ ਕਰਨ ਵਾਲਿਆਂ 'ਤੇ ਹੋਈ ਸਖ਼ਤ


ਪਰਥ: ਨਿਊ ਜ਼ੀਲੈਂਡ ਸਰਕਾਰ ਨੇ ਡਰਾਈਵਿੰਗ ਨਿਯਮਾਂ 'ਚ ਸਖ਼ਤੀ ਕੀਤੀ ਹੈ ਜਿਸ ਨਾਲ ਉੱਥੇ ਰਹਿ ਰਹੇ ਭਾਰਤੀ ਭਾਈਚਾਰੇ ਦੇ ਲੋਕ ਪ੍ਰਭਾਵਿਤ ਹੋਣਗੇ। ਟਰਾਂਸਪੋਰਟ ਮੰਤਰਾਲੇ ਅਨੁਸਾਰ ਨਿਊ ਜ਼ੀਲੈਂਡ ਨੇ ਨਵੇਂ 1.3 ਬਿਲੀਅਨ ਨਿਊ ਜ਼ੀਲੈਂਡ ਡਾਲਰ (790 ਮਿਲੀਅਨ ਡਾਲਰ) ਰੋਡ ਪੁਲੀਸਿੰਗ ਇਨਵੈਸਟਮੈਂਟ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਹੈ ਜਿਸ ਦਾ ਉਦੇਸ਼ ਸ਼ਰਾਬੀ ਜਾਂ ਨਸ਼ੀਲੇ ਵਾਹਨ ਚਾਲਕਾਂ ਨੂੰ ਨਿਸ਼ਾਨਾ ਬਣਾਉਣਾ ਹੈ। ਸਰਕਾਰ ਦਾ ਉਦੇਸ਼ ਦੇਸ਼ ਭਰ 'ਚ ਸੜਕ ਸੁਰੱਖਿਆ ਨੂੰ ਬਿਹਤਰ ਬਣਾਉਣਾ ਹੈ,।ਸਮਾਚਾਰ ਏਜੰਸੀ ਸ਼ਿਨਹੂਆ ਦੀ ਰਿਪੋਰਟ ਮੁਤਾਬਿਕ 2024 ਅਤੇ 2027 ਦੇ ਵਿਚਕਾਰ ਲਾਗੂ ਕੀਤੇ ਜਾਣ ਵਾਲੇ ਪ੍ਰੋਗਰਾਮ ਨਾਲ ਸੜਕ ਕਿਨਾਰੇ ਅਲਕੋਹਲ ਸਾਹ ਦੀ ਜਾਂਚ ਦਾ ਟੀਚਾ ਤਿੰਨ ਮਿਲੀਅਨ ਟੈੱਸਟਾਂ ਤੋਂ ਵਧਾ ਕੇ 3.3 ਮਿਲੀਅਨ ਪ੍ਰਤੀ ਸਾਲ ਹੋ ਜਾਵੇਗਾ ਅਤੇ ਨਾਲ ਹੀ ਸੜਕ ਕਿਨਾਰੇ 50 ਹਜ਼ਾਰ ਨਸ਼ੀਲੇ ਪਦਾਰਥਾਂ ਦੇ ਸਾਲਾਨਾ ਟੈੱਸਟ ਕੀਤੇ ਜਾਣਗੇ। ਟਰਾਂਸਪੋਰਟ ਮੰਤਰੀ ਸਿਮਓਨ ਬ੍ਰਾਊਨ ਦੁਆਰਾ ਐਤਵਾਰ ਨੂੰ ਜਾਰੀ ਕੀਤੇ ਗਏ ਇਸ ਪ੍ਰੋਗਰਾਮ ਪੈਕੇਜ ਉਚ-ਜ਼ੋਖਮ ਵਾਲੇ ਸਮਿਆਂ 'ਤ ਵੀ ਧਿਆਨ ਕੇਂਦ੍ਰਤ ਕੀਤਾ ਗਿਆ ਹੈ।



ਬ੍ਰਾਊਨ ਨੇ ਕਿਹਾ ਕਿ ਪ੍ਰੋਗਰਾਮ ਦਾ ਮੁੱਖ ਫ਼ੋਕੱਸ ਇਹ ਹੈ ਕਿ ਪੁਲੀਸ ਸਭ ਤੋਂ ਵੱਧ ਜ਼ੋਖਮ ਵਾਲੇ ਸਮਿਆਂ, ਵਿਵਹਾਰਾਂ ਅਤੇ ਸਥਾਨਾਂ 'ਤੇ ਧਿਆਨ ਕੇਂਦਰਿਤ ਕਰੇ। ਉਸ ਨੇ ਅੱਗੇ ਕਿਹਾ ਕਿ ਖੁੱਲ੍ਹੀਆਂ ਸੜਕਾਂ ਅਤੇ ਉਚ-ਜੋਖ਼ਮ ਵਾਲੇ ਸਥਾਨਾਂ 'ਤ ਸਪੀਡ ਅਪਰਾਧ ਵੀ ਹਨ। ਬ੍ਰਾਊਨ ਨੇ ਕਿਹਾ, "ਨਿਊ ਜ਼ੀਲੈਂਡ 'ਚ ਘਾਤਕ ਸੜਕ ਹਾਦਸਿਆਂ 'ਚ ਐਲਕੋਹਲ ਅਤੇ ਨਸ਼ੀਲੇ ਪਦਾਰਥ ਸਭ ਤੋਂ ਵੱਧ ਯੋਗਦਾਨ ਪਾਉਣ ਵਾਲੇ ਕਾਰਕ ਹਨ। ਉਸ ਨੇ ਅੱਗੇ ਕਿਹਾ ਕਿ 2019 ਅਤੇ 2022 ਵਿਚਕਾਰ ਡਰੱਗ ਡਰਾਇਵਰਾਂ ਨਾਲ ਜੁੜੇ ਹਾਦਸਿਆਂ ਨੇ ਹਰ ਸਾਲ ਔਸਤਨ 105 ਲੋਕਾਂ ਦੀ ਜਾਨ ਲਈ ਜੋ ਦੇਸ਼ 'ਚ ਸਾਰੀਆਂ ਸੜਕੀ ਮੌਤਾਂ ਦਾ ਲਗਭਗ 30 ਪ੍ਰਤੀਸ਼ਤ ਹੈ। '

## ਗਿਨੀਜ਼ ਵਰਲਡ ਰਿਕਾਰਡ ਦੁਆਰਾ ਵਿਸ਼ਵ ਦੀ ਸਭ ਤੋਂ ਚੌੜੀ ਜੀਭ ਪ੍ਰਮਾਣਿਤ

ਵਾਸ਼ਿੰਗਟਨ- ਅਮਰੀਕਾ ਦੇ ਟੈਕਸਸ 'ਚ ਰਹਿਣ ਵਾਲੀ ਇੱਕ ਔਰਤ



ਦਾ ਨਾਂ ਗਿਨੀਜ਼ ਵਰਲਡ ਰਿਕਾਰਡ ਦੁਆਰਾ ਵਿਸ਼ਵ ਦੀ ਸਭ ਤੋ ਚੋੜੀ ਜੀਭ ਵਾਲੀ ਔਰਤ ਵਜੋਂ ਦਰਜ ਕੀਤਾ ਗਿਆ ਹੈ। ਜੀ ਹਾਂ ਮੂੰਹ 'ਚ ਹੱਡੀ ਰਹਿਤ ਜੀਭ ਭੋਜਨ ਨੂੰ ਚਖਣ ਲਈ ਵੀ ਅਦਭੁੱਤ ਹੈ। ਪਰ ਕੀ ਤੁਸੀਂ ਕਦੇ ਵੀ ਸੋਚ ਨਹੀਂ ਸਕਦੇ ਹੋ ਕਿ ਜ਼ੁਬਾਨ ਬਿਨਾਂ ਕੁੱਝ ਕੀਤੇ ਇਹ ਪ੍ਰਸਿਧੀ ਮਿਲ ਸਕਦੀ ਸਕਦੀ ਹੈ ? ਹਾਲ ਹੀ 'ਚ ਟੈਕਸਸ ਦੀ ਇੱਕ ਔਰਤ ਦੀ ਜੀਭ ਦੁਨੀਆਂ 'ਚ ਸਭ ਤੋਂ ਚੌੜੀ ਜੀਭ ਹੋਣ ਦੀ ਪੁਸ਼ਟੀ ਹੋਈ ਹੈ ਜਿਸ ਦਾ ਨਾਂ ਬ੍ਰਿਟਨੀ ਲੈਕਾਯੋ ਹੈ। ਬ੍ਰਿਟਨੀ ਨਾਂ ਦੀ ਇਸ ਔਰਤ ਨੂੰ ਇਹ ਖ਼ੁਸ਼ਕਿਸਮਤ ਵਾਲਾ ਖ਼ਿਤਾਬ ਮਿਲਿਆ ਹੈ ਜਿਸ ਦਾ ਨਾਂ ਗਿਨੀਜ਼ ਵਰਲਡ ਰਿਕਾਰਡ 'ਚ ਦਰਜ ਹੋਇਆ ਹੈ।ਬ੍ਰਿਟਨੀ ਲੈਕਾਯੋ ਕੋਲ ਰਿਕਾਰਡ ਹੈ ਕਿਉਂਕਿ ਉਸ ਦੀ ਜੀਭ 7.90 ਸੈਂਟੀਮੀਟਰ (3.11 ਇੰਚ) ਚੌੜੀ ਹੈ। ਇਹ ਖੇਤਰ ਇੱਕ ਕ੍ਰੈਡਿਟ ਕਾਰਡ ਦੇ ਬਰਾਬਰ ਦੀ ਚੌੜਾਈ ਹੈ। ਉਸ ਦੀ ਜੀਭ ਲੰਮੀ ਨਾਲੋਂ 2.5 ਸੈਂਟੀਮੀਟਰ (1 ਇੰਚ) ਚੌੜੀ ਹੈ। ਬੰਦ ਉਪਰਲੇ ਬੁੱਲ੍ਹ ਦੇ ਵਿੱਚਕਾਰ ਟਿਪ ਤੋਂ ਲੈ ਕੇ ਲੰਬਾਈ ਨੂੰ ਮਾਪਣ ਵੇਲੇ ਅਸਲ 'ਚ 7.90 ਸੈਂਟੀਮੀਟਰ ਦਾ ਆਕਾਰ ਔਰਤ ਦੀ ਪੂਰੀ ਜੀਭ ਦੀ ਔਸਤ ਲੰਬਾਈ ਦੇ ਬਰਾਬਰ ਹੈ। ਜਦੋਂ ਐਪੀਗਲੋਟਿਸ (ਜੀਭ ਦੇ ਪਿਛਲੇ ਪਾਸੇ ਉਪਾਸਥੀ ਦਾ ਫ਼ਲੈਪ) ਤੋਂ ਮਾਪਿਆ ਜਾਂਦਾ ਹੈ। ਇਹ ਰਿਕਾਰਡ 10 ਸਾਲਾਂ ਤੋਂ ਨਹੀਂ ਟੁੱਟਿਆ।ਬ੍ਰਿਟਨੀ, ਜੋ ਇੱਕ ਅਟਰਨੀ ਵਜੋਂ ਕੰਮ ਕਰਦੀ ਹੈ, ਹਮੇਸ਼ਾ ਜਾਣਦੀ ਸੀ ਕਿ ਉਸ ਦੀ ਇੱਕ ਆਸਾਧਾਰਣ ਤੌਰ 'ਤੇ ਵੱਡੀ ਜੀਭ ਹੈ। ਉਸ ਨੇ ਕਿਹਾ ਕਿ ਉਸ ਦਾ ਪਰਿਵਾਰ ਅਕਸਰ ਇਸ ਬਾਰੇ ਮਜ਼ਾਕ ਕਰਦਾ ਸੀ ਜਦੋਂ ਉਹ ਬਚਪਨ 'ਚ ਸੀ ਹਾਲਾਂਕਿ ਉਸ ਨੇ ਕਦੇ ਨਹੀਂ ਸੋਚਿਆ ਕਿ ਉਸ ਦੀ ਪੂਰੀ ਦੁਨੀਆਂ 'ਚ ਸਭ ਤੋਂ ਚੌੜੀ ਜ਼ੁਬਾਨ ਹੈ।



# ਦੁਸ਼ਮਣ ਦੇਸ਼ਾਂ ’ਤੇ ਨਜ਼ਰ ਰੱਖਣ ਲਈ ਬ੍ਰਿਟੇਨ ਨੇ ਲੌਂਚ ਕੀਤਾ ਪਹਿਲਾ ਫ਼ੌਜੀ ਜਾਸੂਸੀ ਸੈਟੇਲਾਈਟ




ਯੂਕੇ: ਬ੍ਰਿਟੇਨ ਨੇ ਆਪਣਾ ਪਹਿਲਾ ਫ਼ੌਜੀ ਜਾਸੂਸੀ ਉੱਪਗ੍ਰਹਿ ਲੌਂਚ ਕੀਤਾ ਹੈ। ਕੈਲੇਫ਼ੋਰਨੀਆ ਦੇ ਵੈਂਡੇਨਬਰਗ ਸਪੇਸ ਫ਼ੋਰਸ ਬੇਸ ਤੋਂ ਈਲੌਨ ਮਸਕ ਦੀ ਸਪੇਸ ਕੰਪਨੀ ਸਪੇਸਐੱਕਸ ਦੇ ਫ਼ਾਲਕਨ-9 ਰਾਕੇਟ ਤੋਂ ਲੌਂਚ ਕੀਤਾ ਗਿਆ ਸੀ। ਇਸ ਉਪਗ੍ਰਹਿ ਦਾ ਨਾਂ ਟਾਈਚੇ ਹੈ। ਰੱਖਿਆ ਮੰਤਰਾਲੇ ਨੇ ਕਿਹਾ ਹੈ ਕਿ ਇਹ ਉਪਗ੍ਰਹਿ ਨਾ ਸਿਰਫ਼ ਫ਼ੌਜ ਦੀ ਮਦਦ ਕਰੇਗਾ ਸਗੋਂ ਦਾ ਆਕਾਰ ਇੱਕ ਵਾਸ਼ਿੰਗ ਮਸ਼ੀਨ ਦੇ ਬਰਾਬਰ ਹੈ। ਇਸ ਨੂੰ ਬ੍ਰਿਟਿਸ਼ ਕੰਪਨੀ ਸਰੀ ਸੈਟੇਲਾਈਟ ਟੈਕਨੈਲੋ ਕੁਦਰਤੀ ਆਫ਼ਤਾਂ ਅਤੇ ਵਿਸ਼ਵ ਜਲਵਾਯੂ ਤਬਦੀਲੀ ਬਾਰੇ ਵੀ ਸਹੀ ਜਾਣਕਾਰੀ ਦੇਵੇਗਾ।ਇਸ ਸੈਟੇਲਾਈਟ ਜੀ ਲਿਮਟਿਡ ਨੇ ਬਣਾਇਆ ਹੈ, ਪਰ ਹੁਣ ਇਸ ਦਾ ਸਾਰਾ ਕੰਮ ਅਤੇ ਸੰਚਾਲਨ ਰੱਖਿਆ ਮੰਤਰਾਲੇ ਵਲੋਂ ਦੇਖਿਆ ਜਾਵੇਗਾ। ਇਹ ਪਹਿਲੀ ਵਾਰ ਹੈ ਜਦੋਂ ਬ੍ਰਿਟੇਨ ਨੇ ਪੁਲਾੜ-ਆਧਾਰਿਤ ਖ਼ੁਫ਼ੀਆ ਜਾਣਕਾਰੀ, ਨਿਗਰਾਨੀ ਅਤੇ ਖੋਜ ਲਈ ਆਪਣਾ ਫ਼ੌਜੀ ਉਪਗ੍ਰਹਿ ਲੌਂਚ ਕੀਤਾ ਹੈ।ਇਹ 150 ਕਿਲੋਗ੍ਰਾਮ ਸੈਟੇਲਾਈਟ ਤਕਰੀਬਨ ਪੰਜ ਸਾਲ ਕੰਮ ਕਰੇਗਾ। ਇਸ ਸਮੇਂ ਦੌਰਾਨ ਇਹ ਬ੍ਰਿਟੇਨ ਦੀਆਂ ਹਰ ਤਰਾਂ ਦੀਆਂ ਫ਼ੌਜਾਂ ਦੀ ਮਦਦ ਕਰੇਗਾ। ਰੱਖਿਆ ਖ਼ਰੀਦ ਅਤੇ ਉਦਯੋਗ ਮੰਤਰੀ ਮਾਰੀਆ ਈਗਲ ਨੇ ਕਿਹਾ ਕਿ ਅਸੀਂ ਤਾਈਚੇ ਤੋਂ ਜ਼ਰੂਰੀ ਖ਼ੁਫ਼ੀਆ ਜਾਣਕਾਰੀ ਪ੍ਰਾਪਤ ਕਰਾਂਗੇ। ਨਾਲ ਹੀ, ਫ਼ੌਜੀ ਕਾਰਵਾਈਆਂ ਨੂੰ ਚਲਾਉਣਾ ਆਸਾਨ ਹੋ ਜਾਵੇਗਾ। ਮੌਜੂਦਾ ਮਾਹੌਲ ’ਚ ਇਹ ਜ਼ਰੂਰੀ ਹੈ।

ਤਾਈਚੇ ਬ੍ਰਿਟਿਸ਼ ਭਾਵਨਾ ਨੂੰ ਵੀ ਦਰਸਾਉਂਦਾ ਹੈ ਕਿ ਅਸੀਂ ਵਿਗਿਆਨ ਅਤੇ ਤਕਨਾਲੋਜੀ ’ਚ ਕਿੰਨੇ ਸਰਗਰਮ ਹਾਂ। ਇਹ ਪੂਰੇ UK ’ਚ ਬਹੁਤ ਸਾਰੀਆਂ ਸੰਭਾਵਨਾਵਾਂ ਨੂੰ ਖੋਲ ਦੇਵੇਗਾ। ਤਾਈਚੇ ਕਾਰਨ ਇਕੱਲੇ ਰੱਖਿਆ ਮੰਤਰਾਲੇ ’ਚ 100 ਉੱਚ-ਕੁਸ਼ਲ ਨੌਕਰੀਆਂ ਪੈਦਾ ਹੋਈਆਂ ਹਨ।


# ਸਾਈਬਰ ਅਪਰਾਧ ਨੂੰ ਰੋਕਣ ਲਈ ਇੱਕਜੁੱਟ ਹੋ ਰਹੇ ਦੁਨੀਆਂ ਭਰ ਦੇ ਦੇਸ਼


ਵਾਸ਼ਿੰਗਟਨ- ਵਧਦੇ ਸਾਈਬਰ ਅਪਰਾਧਾਂ ਨੂੰ ਰੋਕਣ ਲਈ ਹੁਣ ਦੁਨੀਆਂ ਦੇ ਕਈ ਦੇਸ਼ ਇੱਕਜੁੱਟ ਹੋ ਗਏ ਹਨ। ਸੰਯੁਕਤ ਰਾਸ਼ਟਰ ਦੀ ਪਹਿਲਕਦਮੀ ’ਤੇ ਇੱਕ ਸਾਈਬਰ ਕ੍ਰਾਈਮ ਕਨਵੈਨਸ਼ਨ ਦਾ ਖਰੜਾ ਤਿਆਰ ਕੀਤਾ ਗਿਆ ਹੈ ਜਿਸ ਨੂੰ ਹਾਲ ਹੀ ’ਚ ਮਨਜ਼ੂਰੀ ਦਿੱਤੀ ਗਈ ਹੈ। ਇਸ ਸੰਧੀ ਦੇ ਖਰੜੇ ’ਚ ਜਾਂਚ ਏਜੰਸੀਆਂ ਨੂੰ ਨਵੀਆਂ ਸ਼ਕਤੀਆਂ ਦੇਣ ਅਤੇ ਅੰਤਰਰਾਸ਼ਟਰੀ ਤਾਲਮੇਲ ਵਧਾਉਣ ਦੇ ਪ੍ਰਸਤਾਵ ਸ਼ਾਮਿਲ ਹਨ। ਹੁਣ ਇਹ ਖਰੜਾ ਤਿੰਨ ਮਹੀਨਿਆਂ ਬਾਅਦ ਹੋਣ ਵਾਲੀ ਸੰਯੁਕਤ ਰਾਸ਼ਟਰ ਮਹਾਸਭਾ ’ਚ ਪੇਸ਼ ਕੀਤਾ ਜਾਵੇਗਾ ਜਿੱਥੇ ਇਸ ਦੇ ਪਾਸ ਹੋਣ ਦੀ ਪੂਰੀ ਸੰਭਾਵਨਾ ਹੈ।ਬਹੁਤ ਸਾਰੇ ਮਨੁੱਖੀ ਅਧਿਕਾਰ ਕਾਰਕੁਨ, ਤਕਨੀਕੀ ਕੰਪਨੀਆਂ, ਅਕਾਦਮਿਕ ਸੰਸਥਾਵਾਂ, ਉਦਯੋਗਿਕ ਸੰਸਥਾਵਾਂ ਅਤੇ ਹੋਰ ਸੰਧੀ ਦਾ ਵਿਰੋਧ ਕਰ ਰਹੇ ਹਨ। ਉਹ ਚਿੰਤਤ ਹਨ ਕਿ ਸਰਕਾਰਾਂ ਨਾਗਰਿਕਾਂ ਦੀ ਨਿਗਰਾਨੀ ਕਰਨ ਲਈ ਸੰਧੀ ਦੀ ਵਰਤੋਂ ਕਰ ਸਕਦੀਆਂ ਹਨ ਅਤੇ ਵਿਅਕਤੀਗਤ ਆਜ਼ਾਦੀਆਂ ਨੂੰ ਖ਼ਤਰੇ ’ਚ ਪਾ ਸਕਦੀਆਂ ਹਨ।ਸੰਯੁਕਤ ਰਾਸ਼ਟਰ ਦੀ ਸਾਈਬਰ ਕ੍ਰਾਈਮ ਕਾਨਫ਼ਰੰਸ ਨੇ ਦੋ ਹਫ਼ਤਿਆਂ ਦੇ ਵਿਚਾਰ-ਵਟਾਂਦਰੇ ਤੋਂ ਬਾਅਦ ਸਾਈਬਰ ਅਪਰਾਧ ਸੰਧੀ ਦੇ ਖਰੜੇ ਨੂੰ ਸਰਬਸੰਮਤੀ ਨਾਲ ਪਾਸ ਕਰ ਦਿੱਤਾ। ਇਸ ਸੰਧੀ ’ਤੇ ਪਿਛਲੇ ਤਿੰਨ ਸਾਲਾਂ ਤੋਂ ਕੰਮ ਚੱਲ ਰਿਹਾ ਸੀ। ਇਸ ਦਾ ਮੁੱਖ ਉਦੇਸ਼ ਸਾਈਬਰ ਅਪਰਾਧਾਂ ਨੂੰ ਵਧੇਰੇ ਕੁਸ਼ਲਤਾ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਰੋਕਣਾ ਹੈ।ਸਾਈਬਰ ਕ੍ਰਾਈਮ ਸੰਧੀ ਤਹਿਤ ਦੇਸ਼ਾਂ ਨੂੰ ਕੁੱਝ ਨਵੇਂ ਕਾਨੂੰਨ ਬਣਾਉਣ ਦੀ ਲੋੜ ਹੋਵੇਗੀ।




ਇਹ ਕਾਨੂੰਨ ਹੇਠ ਲਿਖੇ ਅਨੁਸਾਰ ਹਨ।ਗ਼ੈਰ-ਜਨਤਕ ਡੇਟਾ ਦੀ ਸੁਰੱਖਿਆ: ਦੇਸ਼ਾਂ ਨੂੰ ਅਜਿਹੇ ਕਾਨੂੰਨ ਬਣਾਉਣੇ ਚਾਹੀਦੇ ਹਨ ਜੋ ਬਿਨਾਂ ਇਜਾਜ਼ਤ ਦੇ ਗ਼ੈਰ-ਜਨਤਕ ਡੇਟਾ ਨੂੰ ਕੈਪਚਰ ਕਰਨਾ ਗ਼ੈਰ-ਕਾਨੂੰਨੀ ਬਣਾਉਂਦੇ ਹਨ। ਇਸ ਤੋਂ ਇਲਾਵਾ ਡੇਟਾ ਨੂੰ ਅਣ-ਅਧਿਕਾਰਿਤ ਤਰੀਕੇ ਨਾਲ ਨੁਕਸਾਨ ਪਹੁੰਚਾਉਣਾ, ਮਿਟਾਉਣ, ਤਬਦੀਲੀ ਜਾਂ ਦਬਾਉਣ ਨੂੰ ਵੀ ਗ਼ੈਰ-ਕਾਨੂੰਨੀ ਮੰਨਿਆ ਜਾਵੇਗਾ।ਸਾਈਬਰ ਅਪਰਾਧਾਂ ’ਚ ਵਰਤੇ ਜਾਣ ਵਾਲੇ ਯੰਤਰਾਂ ’ਤੇ ਪਾਬੰਦੀ: ਦੇਸ਼ਾਂ ਨੂੰ ਅਜਿਹੇ ਕਾਨੂੰਨ ਬਣਾਉਣੇ ਚਾਹੀਦੇ ਹਨ ਜੋ ਸਾਈਬਰ ਅਪਰਾਧਾਂ ’ਚ ਵਰਤੇ ਜਾਂਦੇ ਉਪਕਰਨਾਂ ਦੇ ਉਤਪਾਦਨ, ਆਯਾਤ, ਵਿਕਰੀ ਜਾਂ ਖ਼ਰੀਦ ’ਤੇ ਪਾਬੰਦੀ ਲਗਾਉਂਦੇ ਹਨ। ਇਸ ਤਹਿਤ ਹੈਕਿੰਗ ਲਈ ਪਾਸਵਰਡ ਅਤੇ ਲੌਗਇਨ ਜਾਣਕਾਰੀ ਦੀ ਖ਼ਰੀਦੋ-ਫ਼ਰੋਖ਼ਤ ਨੂੰ ਵੀ ਗ਼ੈਰ-ਕਾਨੂੰਨੀ ਕਰਾਰ ਦਿੱਤਾ ਜਾਵੇਗਾ।

ਬਾਲ ਜਿਣਸੀ ਸ਼ੋਸ਼ਣ ਸਮੱਗਰੀ: ਸਰਕਾਰਾਂ ਨੂੰ ਬਾਲ ਜਿਣਸੀ ਸ਼ੋਸ਼ਣ ਸਮੱਗਰੀ ਨੂੰ ਪ੍ਰਸਾਰਨ, ਸਟੋਰ ਕਰਨ ਜਾਂ ਦੇਖਣ ਦੀ ਕਿਸੇ ਵੀ ਕੋਸ਼ਿਸ਼ ਨੂੰ ਸਾਈਬਰ ਅਪਰਾਧ ਵਜੋਂ ਵਿਚਾਰਨਾ ਚਾਹੀਦਾ ਹੈ।ਔਨਲਾਈਨ ਜਿਣਸੀ ਅਪਰਾਧ: ਕਿਸੇ ਬੱਚੇ ਦੇ ਵਿਰੁੱਧ ਜਿਣਸੀ ਅਪਰਾਧ ਕਰਨ ਲਈ ਔਨਲਾਈਨ ਪ੍ਰਬੰਧ ਕਰਨਾ ਅਤੇ ਕਿਸੇ ਵਿਅਕਤੀ ਦੀਆਂ ਗੂੜੀਆਂ ਤਸਵੀਰਾਂ ਜਾਂ ਵੀਡੀਓਜ਼ ਨੂੰ ਉਸ ਦੀ ਸਹਿਮਤੀ ਤੋਂ ਬਿਨਾਂ ਔਨਲਾਈਨ ਸਾਂਝਾ ਕਰਨਾ ਵੀ ਸਾਈਬਰ ਅਪਰਾਧ ਮੰਨਿਆ ਜਾਵੇਗਾ।



# ਬ੍ਰਿਟੇਨ 'ਚ ਰਿਹਾਇਸ਼ ਸੰਕਟ ਦਰਮਿਆਨ 15 ਲੱਖ ਨਵੇਂ ਘਰ ਬਣਾਏਗੀ ਸਰਕਾਰ

ਯੂਕੇ: ਬ੍ਰਿਟੇਨ 'ਚ ਰਿਹਾਇਸ਼ ਦੀ ਭਾਰੀ ਕਮੀ ਹੈ। ਯੌਰਪ, ਅਮਰੀਕਾ ਅਤੇ ਅਮੀਰ ਦੇਸ਼ਾਂ ਦੇ ਮੁਕਾਬਲੇ ਇੱਥੇ ਰਿਹਾਇਸ਼ੀ ਸੰਕਟ ਗੰਭੀਰ ਹੁੰਦਾ ਜਾ ਰਿਹਾ ਹੈ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਬ੍ਰਿਟੇਨ 'ਚ ਰਿਹਾਇਸ਼ੀ ਹਾਲਾਤ ਚੰਗੇ ਸਨ, ਪਰ ਹੁਣ ਹਾਲਾਤ ਖ਼ਰਾਬ ਹਨ। ਨਵੀਂ ਲੇਬਰ ਸਰਕਾਰ ਹਾਊਸਿੰਗ ਸੰਕਟ ਨਾਲ ਨਜਿੱਠਣ ਲਈ 1940 ਦੇ ਵਿਚਾਰਾਂ 'ਤੇ ਵਾਪਿਸ ਆ ਰਹੀ ਹੈ। ਵੱਡੇ ਸ਼ਹਿਰਾਂ ਦੇ ਆਲੇ-ਦੁਆਲੇ ਨਵੇਂ ਸ਼ਹਿਰ ਬਣ ਰਹੇ ਹਨ। ਸਰਕਾਰ ਦੀ ਅਗਲੇ ਪੰਜ ਸਾਲਾਂ 'ਚ 15 ਲੱਖ ਘਰ ਬਣਾਉਣ ਦੀ ਯੋਜਨਾ ਹੈ। ਇਸ ਤੋਂ ਪਹਿਲਾਂ 1960 ਦੇ ਦਹਾਕੇ 'ਚ ਇੰਨੀ ਤੇਜ਼ੀ ਨਾਲ ਮਕਾਨਾਂ ਦਾ ਨਿਰਮਾਣ ਹੋਇਆ ਸੀ।

ਕੇਮਬ੍ਰਿਜ ਤੋਂ ਲਗਭਗ 10 ਕਿਲੋਮੀਟਰ ਦੂਰ ਨੌਰਥਸਟੋ 'ਚ ਇਕ ਨਵਾਂ ਸ਼ਹਿਰ ਬਣਾਇਆ ਜਾ ਰਿਹਾ ਹੈ। ਸਥਾਨਕ ਨਿਵਾਸੀ ਫ਼ਿਰੋਜ਼ ਥੌਮਸਨ ਖ਼ਾਲੀ ਪਈ ਜ਼ਮੀਨ ਵੱਲ ਇਸ਼ਾਰਾ ਕਰਦੇ ਹੋਏ ਕਹਿੰਦੇ ਹਨ, ਇੱਥੇ ਨਵੇਂ ਸ਼ਹਿਰ ਦਾ ਕੇਂਦਰ ਹੋਵੇਗਾ। ਮਾਰਕੀਟ ਹਾਲ, ਜਨਰਲ ਸਟੋਰ, ਲਾਇਬ੍ਰੇਰੀ ਅਤੇ ਸਿਹਤ ਕੇਂਦਰ ਬਣਾਇਆ ਜਾਵੇਗਾ। ਨੇੜੇ ਹੀ ਇੱਕ ਹਾਈ ਸਕੂਲ ਬਣਾਇਆ ਗਿਆ ਹੈ। ਜਲਦੀ ਹੀ ਪ੍ਰਾਇਮਰੀ ਸਕੂਲ ਖੁੱਲ ਜਾਵੇਗਾ। ਦੂਜੇ ਵਿਸ਼ਵ ਯੁੱਧ ਦੀ ਸਾਬਕਾ ਏਅਰਫ਼ੀਲਡ ਨੂੰ 2040 ਤਕ ਇੱਕ ਸ਼ਹਿਰ 'ਚ ਬਦਲ ਦਿੱਤਾ ਜਾਵੇਗਾ। ਇੱਥੇ 10 ਹਜ਼ਾਰ ਘਰਾਂ 'ਚ 25 ਹਜ਼ਾਰ ਲੋਕ ਰਹਿਣਗੇ।



ਅੱਜ ਨੌਰਥਸਟੋ 'ਚ ਸਿਰਫ਼ 1,450 ਘਰ ਹਨ। ਖੇਤਾਂ, ਉਸਾਰੀ ਵਾਲੀਆਂ ਥਾਵਾਂ ਅਤੇ ਨਵੇਂ ਰੁੱਖ ਨੇੜੇ-ਤੇੜੇ ਉੱਗ ਰਹੇ ਹਨ। ਇੱਥੇ 10 ਸਾਲ ਪਹਿਲਾਂ ਕੰਮ ਸ਼ੁਰੂ ਹੋਇਆ ਸੀ। ਨੌਰਥਸਟੋ ਬ੍ਰਿਟੇਨ 'ਚ ਰਿਹਾਇਸ਼ੀ ਸੰਕਟ ਨਾਲ ਨਜਿੱਠਣ ਦੀ ਹੌਲੀ ਰਫ਼ਤਾਰ ਦੀ ਇੱਕ ਉਦਾਹਰਣ ਹੈ। ਲੇਬਰ ਸਰਕਾਰ ਨੇ ਨਵੇਂ ਸ਼ਹਿਰ ਬਣਾਉਣ ਅਤੇ ਛੋਟੇ ਸ਼ਹਿਰਾਂ ਦਾ ਵਿਸਥਾਰ ਕਰਨ ਜਾਂ ਨਵੀਆਂ ਬਸਤੀਆਂ ਸਥਾਪਿਤ ਕਰਨ ਦੀ ਪੁਰਾਣੀ ਰਣਨੀਤੀ ਅਪਣਾਈ ਹੈ। ਬ੍ਰਿਟੇਨ ਦੀ ਵਿੱਤ ਮੰਤਰੀ ਰੇਚਲ ਰੀਵਜ਼ ਨੇ ਅਹੁਦਾ ਸੰਭਾਲਣ ਤੋਂ ਕੁੱਝ ਦਿਨ ਬਾਅਦ ਐਲਾਨ ਕੀਤਾ ਕਿ ਸਰਕਾਰ ਰੁਕੇ ਹੋਏ ਹਾਊਸਿੰਗ ਪ੍ਰੋਜੈਕਟਾਂ 'ਤ ਕੰਮ ਵਧਾਏਗੀ। ਫ਼ਿਰੋਜ਼ ਥੌਮਸਨ 2017 'ਚ ਇੱਥੇ ਆ ਕੇ ਵਸਿਆ। ਉਹ ਕਾਊਂਟੀ ਕੌਂਸਲ 'ਚ ਸ਼ਹਿਰ ਦੀ ਪ੍ਰਤੀਨਿਧੀ ਹੈ। ਉਹ ਕਹਿੰਦੀ ਹੈ ਕਿ ਬ੍ਰਿਟੇਨ 'ਚ ਰਿਹਾਇਸ਼ੀ ਸੰਕਟ ਪੁਰਾਣਾ ਹੈ। ਪਿਛਲੇ ਕੁੱਝ ਦਹਾਕਿਆਂ 'ਚ ਨਵੇਂ ਮਕਾਨਾਂ ਦਾ ਨਿਰਮਾਣ ਘੱਟ ਹੋਣ ਕਰ ਕੇ ਸੰਕਟ ਵਧ ਗਿਆ ਹੈ।

ਸੈਂਟਰ ਫ਼ੌਰ ਸਿਟੀਜ਼ ਮੁਤਾਬਿਕ ਬ੍ਰਿਟੇਨ 'ਚ 40 ਲੱਖ ਤੋਂ ਜ਼ਿਆਦਾ ਘਰਾਂ ਦੀ ਕਮੀ ਹੈ। ਇਸ ਕਾਰਨ ਮਕਾਨਾਂ ਦੀਆਂ ਕੀਮਤਾਂ ਵਧ ਗਈਆਂ ਹਨ। ਘਾਟ ਕਾਰਨ ਲੋਕਾਂ ਲਈ ਚੰਗੀਆਂ ਨੌਕਰੀਆਂ ਲੱਭਣੀਆਂ ਮੁਸ਼ਕਿਲ ਹੋ ਗਈਆਂ ਹਨ। ਕੰਪਨੀਆਂ ਪ੍ਰਤਿਭਾਸ਼ਾਲੀ ਕਰਮਚਾਰੀਆਂ ਨੂੰ ਆਕਰਸ਼ਿਤ ਕਰਨ ਦੇ ਯੋਗ ਨਹੀਂ।1946 ਦੇ ਨਿਊ ਟਾਊਨ ਐਕਟ ਤੋਂ ਬਾਅਦ ਅਗਲੇ ਕੁੱਝ ਦਹਾਕਿਆਂ 'ਚ ਨਵੇਂ ਖੇਤਰ ਵਿਕਸਿਤ ਹੋਏ। ਲਿਵਰਪੂਲ ਦਾ ਜਵਾਬ ਆਰ. ਕੈਂਟ 'ਚ ਸਕੈਲਮਰਸਡੇਲ ਵਰਗੇ ਨਵੇਂ ਕਸਬੇ ਐਬਸਫ਼ਲੀਟ ਵੈਲੀ ਅਤੇ ਕੇਮਬਰਿਜਸ਼ਾਇਰ 'ਚ ਕੈਂਬੋਰਨ ਕਸਬੇ 'ਚ ਬਣਾਏ ਗਏ ਸਨ। ਕੇਮਬਰਿਜ ਯੂਨੀਵਰਸਿਟੀ ਦੇ ਕਾਰਨ, ਕੇਂਬਰਿਜਸ਼ਾਇਰ ਵਿਗਿਆਨ ਅਤੇ ਨਵੀਨਤਾ ਦਾ ਕੇਂਦਰ ਬਣ ਗਿਆ ਹੈ। ਕੰਪਨੀਆਂ ਦਾ ਕਹਿਣਾ ਹੈ ਕਿ ਮਹਿੰਗੇ ਮਕਾਨਾਂ ਕਾਰਨ ਉਨ੍ਹਾਂ ਨੂੰ ਕਾਮਿਆਂ ਨੂੰ ਖਿੱਚਣ 'ਚ ਦਿੱਕਤ ਆ ਰਹੀ ਹੈ। ਘਰਾਂ ਦੀਆਂ ਕੀਮਤਾਂ ਸ਼ਹਿਰ ਦੀ ਔਸਤ ਆਮਦਨ ਨਾਲੋਂ 13 ਗੁਣਾ ਵੱਧ ਹਨ। ਹੁਣ 2040 ਤਕ ਇੱਥੇ 36 ਹਜ਼ਾਰ ਨਵੇਂ ਘਰ ਬਣਾਏ ਜਾਣਗੇ। ਇਸ 'ਚ ਕੈਮਬੋਰਨ ਅਤੇ ਐਡਿੰਗਟਨ ਲਈ ਐਕਸਟੈਂਸ਼ਨ ਸ਼ਾਮਿਲ ਹਨ।ਬ੍ਰਿਟੇਨ 'ਚ ਵਧਦੇ ਸ਼ਹਿਰੀਕਰਨ ਦੀਆਂ ਚਿੰਤਾਵਾਂ ਦੇ ਵਿਚਕਾਰ ਸ਼ਹਿਰਾਂ ਦੇ ਆਲੇ-ਦੁਆਲੇ ਗ੍ਰੀਨ ਬੈਲਟ ਬਣਾਏ ਗਏ ਸਨ। ਸਥਾਨਕ ਨਿਵਾਸੀ ਨਵੇਂ ਵਿਕਾਸ ਅਤੇ ਉਸਾਰੀ ਦੀ ਇਜਾਜ਼ਤ ਦੇਣ ਤੋਂ ਝਿਜਕਦੇ ਰਹੇ। ਗਰੀਨ ਬੈਲਟ ਬਣਨ ਨਾਲ ਮੌਜੂਦਾ ਬੁਨਿਆਦੀ ਢਾਂਚੇ ਤੋਂ ਦੂਰ ਖੇਤਰਾਂ 'ਚ ਨਵੀਆਂ ਇਮਾਰਤਾਂ ਬਣਾਈਆਂ ਗਈਆਂ। ਮਾਹਿਰਾਂ ਦਾ ਕਹਿਣਾ ਹੈ ਕਿ ਬ੍ਰਿਟਿਸ਼ ਯੋਜਨਾ ਪ੍ਰਣਾਲੀ 'ਚ ਬਹੁਤ ਸਾਰੀਆਂ ਪਾਬੰਦੀਆਂ ਇੱਕ ਇਤਿਹਾਸਕ ਹਾਦਸਾ ਹੈ।ਲੇਬਰ ਸਰਕਾਰ ਨਵੇਂ ਸ਼ਹਿਰਾਂ ਦੇ ਵਿਚਾਰ ਨੂੰ ਵੱਡੇ ਪੱਧਰ 'ਤੇ ਲਾਗੂ ਕਰਨ ਜਾ ਰਹੀ ਹੈ। ਦੂਜੇ ਵਿਸ਼ਵ ਯੁੱਧ ਤੋਂ ਬਾਅਦ, ਲੇਬਰ ਪਾਰਟੀ ਨੇ ਲੰਡਨ ਤੋਂ ਦੂਰ ਵਸੇਬੇ ਲਈ ਨਵੇਂ ਸ਼ਹਿਰ ਬਣਾਉਣ ਦੀ ਯੋਜਨਾ ਪੇਸ਼ ਕੀਤੀ ਹਾਲਾਂਕਿ ਪਿਛਲੇ ਮਹੀਨੇ ਸਰਕਾਰ ਨੇ ਨਵੇਂ ਸ਼ਹਿਰਾਂ ਦੇ ਵਿਕਾਸ ਲਈ ਰਣਨੀਤੀ ਬਣਾਉਣ ਲਈ ਟਾਸਕ ਫ਼ੋਰਸ ਦਾ ਗਠਨ ਕੀਤਾ ਹੈ। ਨਵੇਂ ਸ਼ਹਿਰਾਂ ਦੇ ਟਿਕਾਣਿਆਂ ਦਾ ਫ਼ੈਸਲਾ ਇੱਕ ਸਾਲ ਦੇ ਅੰਦਰ-ਅੰਦਰ ਕਰ ਲਿਆ ਜਾਵੇਗਾ।

# ਲਾਈਵ ਸ਼ੈਸ਼ਨ 'ਚ ਔਰਤ ਨੇ ਕੀਤੀ ਭਵਿੱਖਬਾਣੀ 24 ਘੰਟਿਆਂ 'ਚ ਹੋ ਗਿਆ ਖ਼ਤਰਨਾਕ ਹਾਦਸਾ !



ਬ੍ਰਾਜ਼ੀਲ: ਬ੍ਰਾਜ਼ੀਲ ਦੇ ਪ੍ਰਭਾਵਸ਼ਾਲੀ ਮਨੋਵਿਗਿਆਨੀ ਸਾਈਕਿਕ ਔਫ਼ ਦਾ ਸਟਾਰਜ਼ ਵਜੋਂ ਜਾਣੇ ਜਾਂਦੇ ਚੈਲੀਨ ਗ੍ਰਜ਼ਿਕ ਨੇ 8 ਅਗਸਤ ਨੂੰ ਇੱਕ ਇੰਸਟਾਗ੍ਰਾਮ ਲਾਈਵ ਸੈਸ਼ਨ ਦੌਰਾਨ ਇੱਕ ਵਿਨਾਸ਼ਕਾਰੀ ਜਹਾਜ਼ ਹਾਦਸੇ ਦੀ ਭਵਿੱਖਬਾਣੀ ਕੀਤੀ ਸੀ। ਇਸ ਸਮੇਂ ਦੌਰਾਨ, ਉਸ ਨੇ ਆਪਣੇ 1.5 ਕਰੋੜ ਫ਼ੌਲੋਅਰਜ਼ ਨੂੰ ਇਹ ਕਹਿ ਕੇ ਡਰਾਇਆ ਕਿ ਸਾਓ ਪਾਓਲੋ, ਰੀਓ ਡੀ ਜਨੇਰੀਓ, ਕੁਰਟੀਬਾ ਜਾਂ ਰਿਓ ਗ੍ਰਾਂਡੇ ਡੋ ਸੁਲ ਦੇ ਨੇੜੇ ਕੋਈ ਵੱਡਾ ਹਾਦਸਾ ਹੋਣ ਦੀ ਸੰਭਾਵਨਾ ਹੈ।ਚੈਲਿਨ ਨੇ ਲਾਈਵਸਟ੍ਰੀਮ ਦੌਰਾਨ ਚਿਤਾਵਨੀ ਦਿੱਤੀ ਕਿ ਉਸ ਨੇ ਇੱਕ ਜਹਾਜ਼ ਨੂੰ ਕਈ ਲੋਕਾਂ ਦੇ ਨਾਲ ਡਿੱਗਦੇ ਦੇਖਿਆ ਹੈ। ਉਸ ਨੇ ਇਸ ਪੂਰਵ-ਅਨੁਮਾਨ ਨੂੰ ਲਗਭਗ ਬ੍ਰਹਮ ਦੱਸਿਆ, "ਜਿਵੇਂ ਕਿ ਰੱਬ ਮੈਨੂੰ ਕੁੱਝ ਦਿਖਾਉਣਾ ਚਾਹੁੰਦਾ ਹੈ।" ਉਸ ਚਿਤਾਵਨੀ ਤੋਂ ਬਾਅਦ ਉਸ ਦੇ ਪੈਰੋਕਾਰਾਂ 'ਚ ਦਹਿਸ਼ਤ ਫ਼ੈਲ ਗਈ, ਅਤੇ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ 9 ਅਗਸਤ ਨੂੰ ਸਾਓ ਪਾਓਲੋ ਦੇ ਨੇੜੇ ਇੱਕ ਜਹਾਜ਼ ਹਾਦਸਾਗ੍ਰਸਤ ਹੋਇਆ ਵੀ। ਬ੍ਰਾਜ਼ੀਲ ਦੀ ਏਅਰਲਾਈਨ ਵੋਇਪਾਸ ਦੁਆਰਾ ਸੰਚਾਲਿਤ ਟਵਿਨ-ਇੰਜਣ ਵਾਲਾ ਇੱਕ ਟਰਬੋਪ੍ਰੌਪ ਜਹਾਜ਼ ਸਾਓ ਪਾਓਲੋ ਦੇ ਗੁਆਰੁਲੋਸ ਅੰਤਰਰਾਸ਼ਟਰੀ ਹਵਾਈ ਅੱਡੇ ਵਲ ਜਾਂਦੇ ਸਮੇਂ ਵਿਨਹੇਡੋ 'ਚ ਕ੍ਰੈਸ਼ ਹੋ ਗਿਆ।

# ਦੁਨੀਆਂ ਦੇ ਸਭ ਤੋਂ ਵੱਡੇ ਚਾਕਲੇਟ ਮਿਊਜ਼ੀਅਮ



ਸਵਿਟਜ਼ਰਲੈਂਡ: ਦੁਨੀਆਂ ਭਰ 'ਚ ਬਹੁਤ ਸਾਰੇ ਵਿਲੱਖਣ ਅਜਾਇਬ ਘਰ ਸਥਿਤ ਹਨ। ਇੱਥੇ ਅਸੀਂ ਗੱਲ ਕਰਦੇ ਹਾਂ ਇੱਕ ਚਾਕਲੇਟ ਮਿਊਜ਼ੀਅਮ ਦੀ। ਇਸ ਮਿਊਜ਼ੀਅਮ 'ਚ ਆ ਕੇ ਸੈਲਾਨੀ ਜਿੰਨੇ ਚਾਹੁਣ ਫ਼ਲੇਵਰਾਂ ਦੀਆਂ ਚਾਕਲੇਟ ਖਾ ਸਕਦੇ ਹਨ। ਸਵਿਟਜ਼ਰਲੈਂਡ ਦੇ ਜ਼ਿਊਰਿਖ ਸ਼ਹਿਰ 'ਚ ਦੁਨੀਆਂ ਦਾ ਸਭ ਤੋਂ ਵੱਡਾ ਚਾਕਲੇਟ ਮਿਊਜ਼ੀਅਮ ਬਣਾਇਆ ਗਿਆ ਹੈ। ਇਸ ਚਾਕਲੇਟ ਮਿਊਜ਼ੀਅਮ ਨੂੰ ਲਿੰਡਸ ਹੋਮ ਔਫ਼ ਚਾਕਲੇਟ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਇਸ ਮਿਊਜ਼ੀਅਮ ਦੀ ਨੀਂਹ 2017 'ਚ ਰੱਖੀ ਗਈ ਸੀ। ਇਹ ਮਿਊਜ਼ੀਅਮ ਲਗਭਗ 65 ਹਜ਼ਾਰ ਵਰਗ ਫ਼ੁੱਟ 'ਚ ਫ਼ੈਲਿਆ ਹੋਇਆ ਹੈ। ਲਗਭਗ 900 ਕਰੋੜ ਰੁਪਏ ਦੀ ਲਾਗਤ ਨਾਲ ਬਣੇ ਇਸ ਮਿਊਜ਼ੀਅਮ ਦਾ ਉਦਘਾਟਨ ਮਹਾਨ ਟੈਨਿਸ ਖਿਡਾਰੀ ਰੋਜਰ ਫ਼ੈਡਰਰ ਨੇ 13 ਸਤੰਬਰ 2020 ਨੂੰ ਕੀਤਾ ਸੀ। ਅਜਾਇਬ ਘਰ 'ਚ ਦੁਨੀਆਂ ਦੀ ਸਭ ਤੋਂ ਵੱਡੀ ਲਿੰਡਸ ਚਾਕਲੇਟ ਦੀ ਦੁਕਾਨ ਵੀ ਹੈ। ਇੱਥੋਂ ਦੇ ਲੋਕਾਂ ਦਾ ਕਹਿਣਾ ਹੈ ਕਿ ਜਦੋਂ ਤੋਂ ਇੱਥੇ ਮਿਊਜ਼ੀਅਮ ਖੁੱਲਿਆ ਹੈ, ਓਦੋਂ ਤੋਂ ਇਹ ਜਗਾ ਚਾਕਲੇਟ ਦੀ ਰਾਜਧਾਨੀ ਵਜੋਂ ਜਾਣੀ ਜਾਣ ਲੱਗੀ ਹੈ। ਇਸ ਤੋਂ ਇਲਾਵਾ, ਇਹ ਵੀ ਕਿਹਾ ਜਾਂਦਾ ਹੈ ਕਿ ਇਹ ਅਜਾਇਬ ਘਰ ਇਸ ਲਈ ਬਣਾਇਆ ਗਿਆ ਹੈ ਕਿਉਂਕਿ ਇਸ ਸ਼ਹਿਰ 'ਚ ਸਭ ਤੋਂ ਉੱਚੀ ਅਤੇ ਸਵਾਦ ਕੁਆਲਟੀ ਦੀ ਚਾਕਲੇਟ ਬਣਦੀ ਹੈ।

### ਦੁਨੀਆਂ ਦਾ ਸਭ ਤੋਂ ਵੱਡਾ ਚਾਕਲੇਟ ਫ਼ੁਹਾਰਾ

ਜਿਵੇਂ ਹੀ ਤੁਸੀਂ ਅਜਾਇਬ ਘਰ 'ਚ ਦਾਖਲ ਹੁੰਦੇ ਹੋ, ਇੱਕ ਸ਼ਾਨਦਾਰ ਚਾਕਲੇਟ ਫ਼ੁਹਾਰੇ ਨਾਲ ਤੁਹਾਡਾ ਸੁਆਗਤ ਕੀਤਾ ਜਾਂਦਾ ਹੈ। ਇਸ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਚਾਕਲੇਟ ਫ਼ੁਹਾਰਾ ਮੰਨਿਆ ਜਾਂਦਾ ਹੈ। ਫ਼ੁਹਾਰੇ ਦਾ ਭਾਰ ਤਿੰਨ ਟਨ ਹੈ। ਇਸ 'ਚ 1,400 ਲੀਟਰ ਚਾਕਲੇਟ ਹੁੰਦੀ ਹੈ। ਇਹ ਇੱਕ ਕਿਲੋਗ੍ਰਾਮ ਪ੍ਰਤੀ ਸਕਿੰਟ ਦੀ ਰਫ਼ਤਾਰ ਨਾਲ ਵਹਿੰਦਾ ਹੈ। ਫ਼ੁਹਾਰੇ 'ਚ 94 ਮੀਟਰ ਲੰਬਾ ਪਾਈਪ ਵਿਛਾਇਆ ਗਿਆ ਹੈ ਜੋ ਕਿ 9.3 ਮੀਟਰ ਉੱਚਾ ਹੈ। ਕੰਪਨੀ ਨੇ ਇਸ ਫ਼ੁਹਾਰੇ ਨੂੰ ਚਾਕਲੇਟ ਪ੍ਰੇਮੀਆਂ ਅਤੇ ਖਾਸ ਕਰ ਕੇ ਚਾਕਲੇਟ ਨਿਰਮਾਤਾਵਾਂ ਨੂੰ ਸਮਰਪਿਤ ਕੀਤਾ ਹੈ।



# ਮਸ਼ਹੂਰ ਜੋਤਸ਼ੀ ਨੇ ਕੀਤੀ ਭਵਿੱਖਬਾਣੀ: ਟਰੰਪ ਹੀ ਬਣੇਗਾ ਅਗਲਾ ਰਾਸ਼ਟਰਪਤੀ

ਵਾਸ਼ਿੰਗਟਨ- ਜੋਤਸ਼ੀ ਐਮੀ ਟ੍ਰਿਪ ਨੇ ਭਵਿੱਖਬਾਣੀ ਕੀਤੀ ਹੈ ਕਿ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਅਤੇ ਰੀਪਬਲੀਕਨ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਡੌਨਲਡ ਟਰੰਪ ਅਮਰੀਕਾ ਦੇ ਅਗਲੇ ਰਾਸ਼ਟਰਪਤੀ ਬਣਨਗੇ। ਇਹ ਗੱਲ ਉਨ੍ਹਾਂ ਇੱਕ ਸਮਾਚਾਰ ਏਜੰਸੀ ਨਾਲ ਵਿਸ਼ੇਸ਼ ਗੱਲਬਾਤ ਦੌਰਾਨ ਕਹੀ। ਉਸ ਨੇ ਸਹੀ ਭਵਿੱਖਬਾਣੀ ਕੀਤੀ ਸੀ ਕਿ ਕਿਸ ਤਰੀਕ ਨੂੰ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਰਾਸ਼ਟਰਪਤੀ ਦੀ ਦੌੜ ਤੋਂ ਆਪਣਾ ਨਾਂ ਵਾਪਿਸ ਲੈਣਗੇ। ਉਨ੍ਹਾਂ ਕਿਹਾ ਕਿ ਹੁਣ ਕਮਲਾ ਹੈਰਿਸ ਦੀ ਦੌੜ 'ਚ ਟਰੰਪ ਲਈ ਕੋਈ ਵਾਕਓਵਰ ਨਹੀਂ ਹੋਵੇਗਾ, ਪਰ ਫ਼ਿਰ ਵੀ ਉਹ ਰਾਸ਼ਟਰਪਤੀ ਬਣ ਜਾਣਗੇ। ਜਿੱਥੋਂ ਤਕ ਬਾਇਡਨ ਦਾ ਸਬੰਧ ਹੈ, ਉਸ ਨੇ ਕਿਹਾ ਕਿ ਉਹ ਅਹੁਦਾ ਛੱਡਣ ਦੀਆਂ ਵਧਦੀਆਂ ਮੰਗਾਂ ਵਿਚਕਾਰ ਆਪਣਾ ਕਾਰਜਕਾਲ ਪੂਰਾ ਕਰਨਗੇ।

ਐਮੀ ਟ੍ਰਿਪ ਨੇ ਕਿਹਾ, "ਮੈਨੂੰ ਪਤਾ ਸੀ ਕਿ ਜਦੋਂ ਜੋਅ ਬਾਇਡਨ ਅਹੁਦਾ ਛੱਡਣਗੇ ਤਾਂ ਪੂਰਨਮਾਸ਼ੀ (ਫ਼ੁੱਲ ਮੂਨ) ਹੋਵੇਗੀ। ਮੈਂ ਕਮਲਾ ਦੇ ਚਾਰਟ ਨੂੰ ਹੁਣ ਹੋਰ ਡੂੰਘਾਈ 'ਚ ਦੇਖਿਆ ਹੈ ਕਿ ਉਹ ਨਾਮਜ਼ਦ ਹੈ ਅਤੇ ਉਸ ਦੇ ਚਾਰਟ 'ਚ ਇੱਕ ਸੱਚਮੁੱਚ ਸ਼ਾਨਦਾਰ ਬਦਲਾਅ ਹੈ, ਜੋ ਕਿ ਬਾਇਡਨ ਨਾਲੋਂ ਬਹੁਤ ਵਧੀਆ ਹੈ। ਮੈਂ ਇਹ ਵੀ ਟਵੀਟ ਕੀਤਾ ਕਿ ਜੇਕਰ ਮੈਂ ਡੈਮੋਕ੍ਰੈਟਿਕ ਪਾਰਟੀ 'ਚ ਹੁੰਦੀ ਤਾਂ ਮੈਂ ਉਸ ਨੂੰ ਸਭ ਤੋਂ ਅੱਗੇ ਰੱਖਾਂਗੀ ਕਿਉਂਕਿ ਉਸ ਦਾ ਟ੍ਰਾਂਜ਼ਿਟ ਕਾਫ਼ੀ ਬਿਹਤਰ ਹੈ ਹਾਲਾਂਕਿ ਮੈਨੂੰ ਲੱਗਦਾ ਹੈ ਕਿ ਟਰੰਪ ਉਸ ਨੂੰ ਪਿੱਛੇ ਛੱਡ ਦੇਵੇਗਾ। ਉਸ ਨੇ ਇਹ ਵੀ ਭਵਿੱਖਬਾਣੀ ਕੀਤੀ ਹੈ ਕਿ ਇਸ ਸਾਲ ਚੋਣਾਂ ਤੋਂ ਪਹਿਲਾਂ ਜਾਂ 2025 ਦੇ ਪਹਿਲੇ ਅੱਧ 'ਚ ਅਗਸਤ-ਸਤੰਬਰ ਦੇ ਆਸ-ਪਾਸ ਅਮਰੀਕਾ 'ਚ ਹਿੰਸਾ ਜਾਂ ਅਤਿਵਾਦੀ ਹਮਲੇ ਹੋ ਸਕਦੇ ਹਨ।



ਐਮੀ ਨੇ ਕਿਹਾ, "ਮੈਨੂੰ ਇਹ ਓਦੋਂ ਪਤਾ ਲੱਗਾ ਜਦੋਂ ਮੈਂ ਅਮਰੀਕਾ ਦਾ ਬਰਥ ਚਾਰਟ ਦੇਖ ਰਹੀ ਸੀ। ਦੇਸ਼ਾਂ ਦਾ ਵੀ ਬਰਥ ਚਾਰਟ ਹੁੰਦਾ ਹੈ। ਬਰਥ ਚਾਰਟ 'ਚ ਮੈਂ ਕੁੱਝ ਅਜਿਹੀਆਂ ਚੀਜ਼ਾਂ ਦੇਖੀਆਂ ਜੋ ਹਿੰਸਾ ਜਾਂ ਅਰਾਜਕਤਾ ਵੱਲ ਇਸ਼ਾਰਾ ਕਰ ਰਹੀਆਂ ਸਨ ਜੋ ਆਮ ਜਨਤਾ ਨੂੰ ਪ੍ਰਭਾਵਿਤ ਕਰਨਗੀਆਂ। ਮੈਂ ਇੱਕ ਚੱਕਰ ਵੀ ਦੇਖ ਰਹੀ ਸੀ ਜੋ 9-11 ਨਾਲ ਸਬੰਧਤ ਹੈ। ਇਹ ਸਿਲਸਿਲਾ 2025 ਤਕ ਜਾਰੀ ਰਹੇਗਾ। ਇਸ ਲਈ ਇਸ ਨੇ ਮੈਨੂੰ ਇੱਕ ਤਰ੍ਹਾਂ ਨਾਲ ਚਿੰਤਤ ਕੀਤਾ ਹੈ।"

ਉਨ੍ਹਾਂ ਅੱਗੇ ਕਿਹਾ, "ਮੈਨੂੰ ਲੱਗਦਾ ਹੈ ਕਿ ਕਿਸੇ ਵੀ ਤਰ੍ਹਾਂ ਦੇ ਟਕਰਾਅ ਨਾਲ ਸਿਆਸੀ ਅਸ਼ਾਂਤੀ ਆਵੇਗੀ। ਮੈਨੂੰ ਨਹੀਂ ਪਤਾ ਕਿ ਇਹ ਅੰਦਰੂਨੀ ਜਾਂ ਬਾਹਰੀ ਟਕਰਾਅ ਹੋਵੇਗਾ, ਪਰ ਹਾਂ, ਮੈਂ ਚੋਣਾਂ ਤੋਂ ਪਹਿਲਾਂ ਕੁੱਝ ਟਕਰਾਅ ਅਤੇ ਤਨਾਅ ਦੇਖਦਾ ਹਾਂ। ਚੋਣਾਂ ਦੌਰਾਨ ਧਾਂਦਲੀ ਦੇ ਮੁੱਦੇ 'ਤ ਐਮੀ ਨੇ ਕਿਹਾ ਕਿ ਉਨ੍ਹਾਂ ਨੂੰ ਨਹੀਂ ਲੱਗਦਾ ਕਿ ਅਜਿਹਾ ਕੁੱਝ ਹੋ ਸਕਦਾ ਹੈ, ਪਰ ਇਸ ਤੱਥ ਵਲ ਇਸ਼ਾਰਾ ਕੀਤਾ ਕਿ ਪ੍ਰਕਿਰਿਆ 'ਤੇ ਸਵਾਲ ਉਠਾਉਣ ਨਾਲ ਹਿੰਸਾ ਹੋ ਸਕਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਡੈਮੋਕ੍ਰੈਟਿਕ ਉਮੀਦਵਾਰ ਕਮਲਾ ਹੈਰਿਸ ਦੀ ਥਾਂ ਮਿਸ਼ੈਲ ਓਬਾਮਾ ਹੁੰਦੀ ਤਾਂ ਟਰੰਪ ਨੂੰ ਇੱਕ ਵੱਡਾ ਨੁਕਸਾਨ ਝੱਲਣਾ ਪੈਂਦਾ ਜਿਸ ਦਾ ਮਤਲਬ ਹੈ ਕਿ ਉਹ ਵੱਡੇ ਫ਼ਰਕ ਨਾਲ ਜਿੱਤ ਜਾਂਦੀ।" ਉਨ੍ਹਾਂ ਕਿਹਾ, "ਦੇਸ਼ ਸੱਚਮੁੱਚ ਇੱਕ ਮਹਿਲਾ ਰਾਸ਼ਟਰਪਤੀ ਲਈ ਤਿਆਰ ਹੈ। ਉਸ ਨੇ ਇਹ ਵੀ ਭਵਿੱਖਬਾਣੀ ਕੀਤੀ ਕਿ ਗਾਇਕਾ ਟੇਲਰ ਸਵਿਫ਼ਟ ਕਮਲਾ ਹੈਰਿਸ ਦਾ ਸਮਰਥਨ ਕਰੇਗੀ।"

ਐਮੀ ਟ੍ਰਿਪ ਦੀ ਵੈੱਬਸਾਈਟ ਅਨੁਸਾਰ, ਉਹ ਇੱਕ ਪੇਸ਼ੇਵਰ ਜੋਤਸ਼ੀ ਅਤੇ ਲਾਇਸੰਸਸ਼ੁਦਾ ਥੈਰੇਪਿਸਟ ਹੈਯੂਐਨਸੀ -ਚੈਪਲ ਹਿੱਲ ਤੋਂ ਮਨੋਵਿਗਿਆਨ 'ਚ ਪਿਛੋਕੜ ਅਤੇ ਐਨਵਾਈਯੂ ਤੋਂ ਸਮਾਜਿਕ ਕਾਰਜ 'ਚ ਮਾਸਟਰ ਡਿਗਰੀ ਦੇ ਨਾਲ-ਨਾਲ ਜੋਤਿਸ਼ ਵਿਗਿਆਨ ਸ਼ੁਰੂ 'ਚ ਉਸ ਦੇ ਕਰੀਅਰ ਦਾ ਹਿੱਸਾ ਨਹੀਂ ਸਨ। ਇਸ ਵਲ ਉਸ ਦਾ ਝੁਕਾਅ ਅਚਾਨਕ ਪੈਦਾ ਹੋ ਗਿਆ। ਉਸ ਨੇ ਦੱਸਿਆ, "ਇਹ ਸੱਚਮੁੱਚ ਅਚਾਨਕ ਹੋਇਆ। ਮੈਂ ਕਦੇ ਨਹੀਂ ਸੋਚਿਆ ਸੀ ਕਿ ਮੈਂ ਜੋਤਸ਼ੀ ਬਣਾਂਗੀ। ਮੈਂ ਕਾਲਜ ਗਈ ਅਤੇ ਮਨੋਵਿਗਿਆਨ 'ਚ ਗ੍ਰੈਜੂਏਸ਼ਨ ਕੀਤੀ। ਫ਼ਿਰ ਮੈਂ ਸੋਸ਼ਲ ਵਰਕ 'ਚ ਮਾਸਟਰਜ਼ ਕੀਤੀ। ਇਸੇ ਲਈ ਮੈਂ ਹਮੇਸ਼ਾ ਮਨੁੱਖੀ ਵਿਹਾਰ 'ਚ ਦਿਲਚਸਪੀ ਰੱਖਦੀ ਰਹੀ ਹਾਂ। ਅਤੇ ਇੱਕ ਦਿਨ ਮੈਂ ਜੋਤਿਸ਼ 'ਚ ਡਿਗਰੀ ਲੈਣ ਬਾਰੇ ਸੋਚ ਰਹੀ ਸੀ ਅਤੇ ਫ਼ਿਰ ਮੈਂ ਫ਼ੈਸਲਾ ਕੀਤਾ ਕਿ ਮੈਂ ਜੋਤਿਸ਼ 'ਚ ਡਿਗਰੀ ਲਵਾਂਗੀ। ਉਹ ਪੇਸ਼ੇਵਰ ਸੰਸਥਾਵਾਂ ਜਿਵੇਂ ਕਿ ਨੈਸ਼ਨਲ ਕੌਂਸਲ ਫ਼ੌਰ ਜੀਓਕੌਸਮਿਕ ਰੀਸਰਚ ਅਤੇ ਅਮੈਰੀਕਨ ਫ਼ੈਡਰੇਸ਼ਨ ਔਫ਼ ਐਸਟ੍ਰੋਲੋਜਰਜ਼ 'ਚ ਸਰਗਰਮੀ ਨਾਲ ਸ਼ਾਮਿਲ ਹੈ। 40 ਸਾਲਾ ਐਮੀ ਟ੍ਰਿਪ ਦਾ ਸਹੀ ਭਵਿੱਖਬਾਣੀਆਂ ਦਾ ਰਿਕਾਰਡ ਹੈ।

# ਅਮਰੀਕਾ 'ਚ 2024 ਦਾ ਅੰਤਰਰਾਸ਼ਟਰੀ ਸਿੱਖ ਯੂਥ ਸਿਮਪੋਜ਼ੀਅਮ ਆਯੋਜਿਤ

ਵਾਸ਼ਿੰਗਟਨ- : ਬੀਤੇ ਦਿਨ ਸਿੱਖ ਯੂਥ ਐਲਾਇੰਸ ਔਫ਼ ਨੌਰਥ ਅਮੈਰੀਕਾ (ਸਿਐਨਾ) ਵਲੋਂ ਕਰਵਾਏ ਜਾਂਦੇ ਚਾਰ ਰੋਜ਼ਾ ਸਲਾਨਾ ਇੰਟਰਨੈਸ਼ਨਲ ਸਿੱਖ ਯੂਥ ਸਿਮਪੋਜ਼ੀਅਮ 2024 ਸੰਬੰਧੀ ਮੁਕਾਬਲੇ ਅਮਰੀਕਾ ਦੇ ਸੂਬੇ ਟੈਕਸਸ ਦੇ ਸ਼ਹਿਰ ਡੈਲਾਸ 'ਚ ਆਯੋਜਿਤ ਕੀਤੇ ਗਏ। ਗੁਰਦੁਆਰਾ ਸਿੰਘ ਸਭਾ ਰਿਚਰਡਸਨ ਵਿਖੇ ਹੋਏ ਪ੍ਰੋਗਰਾਮਾਂ 'ਚ ਅਮਰੀਕਾ ਅਤੇ ਕੈਨੇਡਾ ਤੋਂ ਆਏ ਛੇ ਸਾਲ ਤੋਂ ਲੈ ਕੇ 22 ਸਾਲਾਂ ਤਕ ਦੇ 61 ਦੇ ਕਰੀਬ ਬੱਚਿਆਂ ਅਤੇ ਨੌਜਵਾਨਾਂ ਨੇ ਭਾਗ ਲਿਆ। ਸਿਮਪੋਜ਼ੀਅਮ ਅਤੇ ਸੰਸਥਾ ਦੇ ਰਾਸ਼ਟਰੀ ਕਨਵੀਨਰ ਕੁਲਦੀਪ ਸਿੰਘ ਨੇ ਦੱਸਿਆ ਕਿ ਸੰਸਥਾ ਵਲੋਂ ਇਹ ਸਮਾਗਮ ਸਾਲ 1989 ਤੋਂ ਹਰ ਸਾਲ ਮਾਰਚ-ਅਪ੍ਰੈਲ ਦੇ ਮਹੀਨੇ 'ਚ ਪਹਿਲਾਂ ਅਮਰੀਕਾ ਅਤੇ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵਿੱਚ, ਫ਼ਿਰ ਰਾਜ ਪੱਧਰੀ ਤੇ ਅੰਤ 'ਚ ਅਗਸਤ ਦੇ ਮਹੀਨੇ 'ਚ ਅੰਤਰਰਾਸ਼ਟਰੀ ਪੱਧਰ ਦੇ ਮੁਕਾਬਲੇ ਕਰਵਾਏ ਜਾਂਦੇ ਹਨ ਜਿਸ 'ਚ ਰਾਜ ਪੱਧਰੀ ਮੁਕਾਬਲਿਆਂ ਦੇ ਜੇਤੂ ਬੱਚੇ ਭਾਗ ਲੈਂਦੇ ਹਨ।ਰਾਜ ਪੱਧਰੀ ਮੁਕਾਬਲਿਆਂ ਲਈ ਅਮਰੀਕਾ ਅਤੇ ਕੈਨੇਡਾ ਨੂੰ 13 ਹਿੱਸਿਆਂ 'ਚ ਵੰਡਿਆ ਗਿਆ ਹੈ। ਅਤੇ ਹਰ ਖਿੱਤੇ ਤੋਂ ਜੇਤੂ ਬੱਚੇ ਫ਼ਾਈਨਲ ਮੁਕਾਬਲਿਆਂ 'ਚ ਜਾਂਦੇ ਹਨ। ਉਨ੍ਹਾਂ ਅੱਗੇ ਦੱਸਿਆ ਕਿ ਭਾਗ ਲੈਣ ਵਾਲੇ ਬੱਚਿਆਂ ਨੂੰ ਉਮਰ ਅਨੁਸਾਰ ਪੰਜ ਗਰੁੱਪਾਂ 'ਚ ਵੰਡਿਆ ਗਿਆ ਹੈ। ਹਰੇਕ ਗਰੁੱਪ ਨੂੰ ਇੱਕ ਕਿਤਾਬ ਦਿੱਤੀ ਜਾਂਦੀ ਹੈ ਅਤੇ ਬੱਚਿਆਂ ਨੇ ਉਸ ਦੇ ਵਿੱਚੋਂ ਤਿੰਨ ਸਵਾਲਾਂ ਦੇ ਜਵਾਬ 6 ਤੋਂ 7 ਮਿੰਟ 'ਚ ਭਾਸ਼ਣ ਦੇ ਰੂਪ 'ਚ ਦੇਣੇ ਹੁੰਦੇ ਹਨ। ਇਸ ਸਾਲ ਪਹਿਲੇ ਗਰੁੱਪ ਨੂੰ "ਮਾਈ ਗੁਰੂਜ਼ ਬਲੈਸਿੰਗਜ਼", ਦੂਜੇ ਨੂੰ ਟੀਚਿੰਗ ਸਿੱਖ ਹੈਰੀਟੇਜ ਟੂ ਯੂਥ, ਤੀਜੇ ਨੂੰ 20 ਮਿੰਟ ਗਾਈਡ ਟੂ ਦਾ ਸਿੱਖ ਫ਼ੇਥ ਅਤੇ ਚੌਥੇ ਨੂੰ ਕਲੈਸ਼ ਔਫ਼ ਕਲਚਰਜ਼ ਪੁਸਤਕ ਦਿੱਤੀ ਗਈ। ਇਨ੍ਹਾਂ 'ਚੋਂ ਉਨ੍ਹਾਂ ਦਿੱਤੇ ਗਏ ਤਿੰਨ ਸਵਾਲਾਂ ਦੇ ਜਵਾਬ ਭਾਸ਼ਨ ਨਾਲ ਦਿੱਤੇ। 1984 ਦੇ ਘੱਲੂਘਾਰੇ ਅਤੇ ਸਿੱਖਾਂ ਦੇ ਕਤਲੇਆਮ ਦੀ 40ਵੀ ਵਰ੍ਹੇਗੰਢ ਨੂੰ ਸਮਰਪਿਤ, ਪੰਜਵੇਂ ਗਰੁੱਪ ਦਾ ਵਿਸ਼ਾ, "1984 ਦਾ ਘੱਲੂਘਾਰਾ, ਉਸ ਤੋਂ ਬਾਅਦ ਦਾ ਸਿੱਖ ਸੰਘਰਸ਼, ਅਤੇ ਖ਼ਾਲਸਾ ਜੀ ਦੇ ਬੋਲ ਬਾਲੇ ਰੱਖਿਆ ਗਿਆ ਸੀ। ਇਸ 'ਚ ਭਾਗ ਲੈਣ ਵਾਲੇ 16 ਤੋਂ 22 ਸਾਲਾਂ ਦੇ 12 ਨੌਜਵਾਨਾਂ ਨੇ ਵਿਸ਼ੇ ਸਬੰਧੀ ਡਿਬੇਟ 'ਚ ਬੜੇ ਹੀ ਉਤਸ਼ਾਹ ਨਾਲ ਭਾਗ ਲਿਆ।



ਇਹ ਡੀਬੇਟ ਲਗਭਗ ਚਾਰ ਘੰਟੇ ਤਕ ਚੱਲੀ ਅਤੇ ਇਸ 'ਚ ਸ਼ੁਰੂਆਤੀ ਬਿਆਨ, ਪੁੱਛੇ ਗਏ ਪ੍ਰਸ਼ਨਾਂ ਅਤੇ ਜਵਾਬ ਦੇ ਨਾਲ ਸੰਬੰਧਤ ਮੁੱਦਿਆਂ 'ਤੇ ਵਿਚਾਰ- ਵਟਾਂਦਰਾ ਅਤੇ ਸਮਾਪਤੀ ਦਾ ਬਿਆਨ ਸ਼ਾਮਿਲ ਸਨ। ਡੀਬੇਟ ਦੇ ਸੰਚਾਲਕ ਉਹ ਨੌਜਵਾਨ ਸਨ ਜਿਹੜੇ ਪਹਿਲਾਂ ਇਨ੍ਹਾਂ ਮੁਕਾਬਲਿਆਂ 'ਚ ਸ਼ਾਮਿਲ ਹੁੰਦੇ ਰਹੇ ਸਨ, ਪਰ ਹੁਣ ਉਹੀ ਇਨ੍ਹਾਂ ਸਮਾਗਮਾਂ 'ਚ ਵੌਲੰਟੀਅਰ ਕਰ ਰਹੇ ਹਨ। ਇਨ੍ਹਾਂ ਸਾਲਾਨਾ ਫ਼ਾਈਨਲ ਮੁਕਾਬਲਿਆਂ 'ਚ ਪਹੁੰਚਣ ਵਾਲੇ ਬੱਚਿਆਂ ਨੂੰ ਸਨਮਾਨਿਤ ਕਰਨ ਲਈ ਸ਼ਾਮ ਦਾ ਇੱਕ ਵਿਸ਼ੇਸ਼ ਪ੍ਰੋਗਰਾਮ ਰੱਖਿਆ ਜਾਂਦਾ ਹੈ ਜਿਸ 'ਚ ਸਾਰੇ ਬੁਲਾਰਿਆਂ ਦਾ ਸਨਮਾਨ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਬਾਰੇ ਆਏ ਹੋਏ ਮਹਿਮਾਨਾਂ ਨੂੰ ਜਾਣਕਾਰੀ ਦਿੱਤੀ ਜਾਂਦੀ ਹੈ। ਇਸ ਪ੍ਰੋਗਰਾਮ ਦੌਰਾਨ 84 ਦੇ ਘੱਲੂਘਾਰੇ ਅਤੇ ਸਿੱਖਾਂ ਦੇ ਕਤਲੇਆਮ ਨੂੰ ਸਮਰਪਿਤ ਨਾਟਕ ਦੀ ਪੇਸ਼ਕਾਰੀ ਐਨੀ ਪ੍ਰਭਾਵਸ਼ਾਲੀ ਸੀ ਕਿ ਹਾਜ਼ਰ ਮਹਿਮਾਨਾਂ ਦੀਆਂ ਅੱਖਾਂ ਹੰਝੂਆਂ ਨਾਲ ਨਮ ਹੋ ਗਈਆਂ।

# ਭਾਵੁਕ ਹੋਏ ਜੋਅ ਬਾਈਡੇਨ, ਰੋਕ ਨਾ ਸਕੇ ਆਪਣੇ ਹੰਝੂ

ਵਾਸ਼ਿੰਗਟਨ - ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਸ਼ਿਕਾਗੋ ਵਿਖੇਂ ਡੈਮੋਕ੍ਰੇਟਿਕ ਕਨਵੈਨਸ਼ਨ ਪਾਰਟੀ ਸੰਮੇਲਨ ਵਿਚ ਭਾਵੁਕ ਹੋ ਗਏ। ਅਤੇ ਭਰੇ ਮਨ ਨਾਲ ਹੰਝੂ ਵਹਾਏ। ਸ਼ਿਕਾਗੋ ਵਿੱਚ ਆਯੋਜਿਤ ਡੈਮੋਕ੍ਰੇਟਿਕ ਸੰਮੇਲਨ ਵਿਚ ਬਾਈਡੇਨ ਆਪਣੇ ਪਰਿਵਾਰ ਨਾਲ



ਪਾਰਟੀ ਸੰਮੇਲਨ ਵਿੱਚ ਸ਼ਾਮਲ ਹੋਏ। ਇਸ ਮੌਕੇ ਜਦੋਂ ਉਹ ਸਟੇਜ ਤੇ ਆਏ ਤਾਂ ਉਨ੍ਹਾਂ ਦੀ ਬੇਟੀ ਐਸ਼ਲੇ ਬਾਈਡੇਨ ਨੇ ਬਾਈਡੇਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਪਿਤਾ ਔਰਤਾਂ ਪ੍ਰਤੀ ਪੱਖਪਾਤੀ ਨਹੀਂ ਹਨ। ਉਸ ਨੇ ਕਿਹਾ ਕਿ ਉਸ ਨੇ ਦੇਖਿਆ ਹੈ ਕਿ ਉਹ ਔਰਤਾਂ ਦੀ ਕਦਰ ਕਰਦੇ ਹਨ ਅਤੇ ਉਨ੍ਹਾਂ ਤੇ ਭਰੋਸਾ ਕਰਦੇ ਹਨ। ਬਾਈਡੇਨ ਅਚਾਨਕ ਆਪਣੀ ਧੀ ਦੇ ਸ਼ਬਦਾਂ ਤੋਂ ਪ੍ਰਭਾਵਿਤ ਹੋ ਗਏ ਅਤੇ ਹੰਝੂਆਂ ਦੀ ਝੜੀ ਲਾ ਦਿੱਤੀ । ਉਹ ਝੱਟ ਹੀ ਇਕ ਪਾਸੇ ਹੋ ਗਏ ਅਤੇ ਆਪਣੇ ਹੰਝੂ ਪੂੰਝਣੇ ਸ਼ੁਰੂ ਕਰ ਦਿੱਤੇ।ਇਸ ਤੋਂ ਬਾਅਦ ਉਨ੍ਹਾਂ ਨੇ ਅਮਰੀਕਾ ਨੂੰ ਆਈ ਲਵ ਯੂ ਕਹਿ ਕੇ ਲੋਕਾਂ ਨੂੰ ਸੰਬੋਧਨ ਕਰਦਿਆਂ ਆਪਣਾ ਭਾਸ਼ਣ ਸ਼ੁਰੂ ਕੀਤਾ।

**ਟਰੰਪ ਦੀ ਕੀਤੀ ਆਲੋਚਨਾ**

ਆਪਣੇ ਸੰਬੋਧਨ ਵਿਚ ਬਾਈਡੇਨ ਨੇ ਕਿਹਾ ਕਿ ਅਮਰੀਕੀ ਰਾਜਨੀਤੀ ਵਿੱਚ ਹਿੰਸਾ ਲਈ ਕੋਈ ਥਾਂ ਨਹੀਂ ਹੈ। ਉਨ੍ਹਾਂ ਕਿਹਾ ਕਿ ਲੋਕਤੰਤਰ ਦੀ ਰੱਖਿਆ ਕਰਨਾ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ। ਇਸ ਆਦੇਸ਼ ਵਿੱਚ, ਬਾਈਡੇਨ ਨੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਖਤ ਪੱਧਰ @ਤੇ ਆਲੋਚਨਾ ਕੀਤੀ। ਅਤੇ ਕਿਹਾ ਕਿ ਅਮਰੀਕਾ ਦਾ ਸਨਮਾਨ ਬਹੁਤ ਮਹੱਤਵਪੂਰਨ ਹੈ। ਇਸ ਦੇਸ਼ ਵਿੱਚ ਨਫ਼ਰਤ ਦੀ ਕੋਈ ਥਾਂ ਨਹੀਂ ਹੈ। ਟਰੰਪ ਪ੍ਰਸ਼ਾਸਨ ਦੇ ਅਧੀਨ ਇੱਥੇ ਕੋਈ ਵੀ ਵਿਕਾਸ ਨਹੀਂ ਹੋਇਆ ਹੈ।ਜੇਕਰ ਸਾਡੇ ਕੋਲ ਵਧੀਆ ਬੁਨਿਆਦੀ ਢਾਂਚਾ ਨਹੀਂ ਹੈ ਤਾਂ ਅਸੀਂ ਵਧੀਆ ਅਰਥਵਿਵਸਥਾ ਕਿਵੇਂ ਹੋ ਸਕਦੇ ਹਾਂ ? ਟਰੰਪ ਆਪਣੇ ਰਾਸ਼ਟਰਪਤੀ ਕਾਰਜਕਾਲ ਦੌਰਾਨ ਹਰ ਹਫ਼ਤੇ ਬੁਨਿਆਦੀ ਢਾਂਚੇ ਨੂੰ ਲੈ ਕੇ ਵਾਅਦੇ ਕਰਦੇ ਰਹੇ ਹਨ। ਪਰ ਇੱਕ ਵੀ ਕੰਮ ਪੂਰਾ ਨਹੀਂ ਹੋਇਆ।

# ਸੜ ਜਾਵੇਗਾ ਸੁਨੀਤਾ ਵਿਲੀਅਮਸ ਦਾ ਪੁਲਾੜ ਯਾਨ ... ਅਮਰੀਕੀ ਪੁਲਾੜ ਮਾਹਰ ਨੇ ਦਿੱਤੀ ਚਿਤਾਵਨੀ

ਵਾਸ਼ਿੰਗਟਨ: ਨਾਸਾ ਦੀ ਪੁਲਾੜ ਯਾਤਰੀ ਸੁਨੀਤਾ ਵਿਲੀਅਮਸ ਆਪਣੇ ਸਾਥੀ ਬੁਚ ਵਿਲਮੋਰ ਨਾਲ ਦੋ ਮਹੀਨਿਆਂ ਤੋਂ ਵੱਧ ਸਮੇਂ ਤੋਂ ਪੁਲਾੜ ਵਿੱਚ ਫਸੀ ਹੋਈ ਹੈ। ਉਹ 5 ਜੂਨ ਨੂੰ ਬੋਇੰਗ ਸਟਾਰਲਾਈਨਰ ਦੇ ਪਹਿਲੇ ਮਨੁੱਖੀ ਮਿਸ਼ਨ ਦੀ ਸ਼ੁਰੂਆਤ ਰਾਹੀਂ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ (ਆਈ.ਐਸ.ਐਸ) ਪਹੁੰਚੇ ਸਨ। ਉਸ ਨੇ ਇੱਥੇ ਸਿਰਫ਼ ਅੱਠ ਦਿਨ ਹੀ ਰਹਿਣਾ ਸੀ। ਹਾਲਾਂਕਿ ਕੈਪਸੂਲ ਵਿੱਚ ਥਰਸਟਰਾਂ ਦੀ ਖਰਾਬੀ ਕਾਰਨ, ਉਨ੍ਹਾਂ ਦੀ ਵਾਪਸੀ ਦਾ ਸਹੀ ਸਮਾਂ ਅਜੇ ਤੈਅ ਨਹੀਂ ਹੋਇਆ ਹੈ। ਉਨ੍ਹਾਂ ਦੀ ਧਰਤੀ ਤੇ ਵਾਪਸੀ ਨੂੰ ਲੈ ਕੇ ਚਿੰਤਾਵਾਂ ਵਧ ਰਹੀਆਂ ਹਨ। ਇਸ ਦੇ ਨਾਲ ਹੀ ਉਨ੍ਹਾਂ ਨੂੰ ਲੈ ਕੇ ਵੱਡੇ ਖਤਰੇ ਦਾ ਖਦਸ਼ਾ ਹੈ। ਇੱਕ ਸਾਬਕਾ ਯੂ.ਐਸ ਮਿਲਟਰੀ ਸਪੇਸ ਸਿਸਟਮ ਕਮਾਂਡਰ ਰੂਡੀ ਰਿਡੋਲਫੀ ਨੇ ਤਿੰਨ ਸੰਭਾਵੀ ਵਿਨਾਸ਼ਕਾਰੀ ਦ੍ਰਿਸ਼ਾਂ ਦੀ ਰੂਪਰੇਖਾ ਦਿੱਤੀ ਹੈ ਜੋ ਉਨ੍ਹਾਂ ਦੀ ਮੌਤ ਦਾ ਕਾਰਨ ਬਣ ਸਕਦੇ ਹਨ। ਇਹ ਉਦੋਂ ਹੋ ਸਕਦਾ ਹੈ ਜਦੋਂ ਉਹ ਖਰਾਬ ਬੋਇੰਗ ਸਟਾਰਲਾਈਨਰ ਪੁਲਾੜ ਯਾਨ ਰਾਹੀਂ ਵਾਪਸ ਜਾਣ ਦੀ ਕੋਸ਼ਿਸ਼ ਕਰਨਗੇ।



ਬੋਇੰਗ ਸਟਾਰਲਾਈਨਰ ਦੀ ਧਰਤੀ ਤੋਂ ਲਾਂਚਿੰਗ ਸਫਲ ਰਹੀ। ਪਰ ਜਦੋਂ ਇਹ ਪੁਲਾੜ ਵਿੱਚ ਗਿਆ, ਤਾਂ ਹੀਲੀਅਮ ਲੀਕ ਅਤੇ ਥਰਸਟਰ ਖਰਾਬ ਹੋਣ ਵਰਗੀਆਂ ਸਮੱਸਿਆਵਾਂ ਦੇਖੀਆਂ ਗਈਆਂ। ਨਾਸਾ ਵਰਤਮਾਨ ਵਿੱਚ ਇਸ ਗੱਲ ਤੇ ਵਿਚਾਰ ਕਰ ਰਿਹਾ ਹੈ ਕਿ ਕੀ ਬੋਇੰਗ ਸਟਾਰਲਾਈਨਰ ਦੀ ਵਰਤੋਂ ਕਰਕੇ ਸੁਨੀਤਾ ਵਿਲੀਅਮਸ ਦੇ ਵਾਪਸੀ ਮਿਸ਼ਨ ਨਾਲ ਅੱਗੇ ਵਧਣਾ ਹੈ ਜਾਂ ਸਪੇਸਐਕਸ ਦੀ ਵਰਤੋਂ ਕਰਕੇ ਬਚਾਅ ਮਿਸ਼ਨ ਸ਼ੁਰੂ ਕਰਨਾ ਹੈ। ਡੇਲੀ ਮੇਲ ਦੀ ਰਿਪੋਰਟ ਮੁਤਾਬਕ ਰਿਡੋਲਫੀ ਨੇ ਕਿਹਾ ਕਿ ਸੁਰੱਖਿਅਤ ਵਾਪਸੀ ਲਈ ਸਟਾਰਲਾਈਨਰ ਦੇ ਸੇਵਾ ਮੋਡੀਊਲ ਨੂੰ ਕੈਪਸੂਲ ਨੂੰ ਸਹੀ ਕੋਣ ਤੇ ਰੱਖਣਾ ਚਾਹੀਦਾ ਹੈ, . ਜੇਕਰ ਇਸ ਵਿੱਚ ਮਾਮੂਲੀ ਜਿਹੀ ਵੀ ਗ਼ਲਤੀ ਹੋ ਗਈ ਤਾਂ ਇਸ ਦੇ ਨਤੀਜੇ ਭਿਆਨਕ ਹੋ ਸਕਦੇ ਹਨ।

ਵਾਪਸੀ ਸਬੰਧੀ ਤਿੰਨ ਤਰ੍ਹਾਂ ਦੇ ਖ਼ਤਰਿਆਂ ਦਾ ਜ਼ਿਕਰ

ਰਿਡੋਲਫੀ ਨੇ ਚਿਤਾਵਨੀ ਦਿੱਤੀ ਕਿ ਜੇਕਰ ਕੈਪਸੂਲ ਸਹੀ ਢੰਗ ਨਾਲ ਲਾਈਨ ਵਿੱਚ ਨਹੀਂ ਆਇਆ ਤਾਂ ਇਹ ਧਰਤੀ ਦੇ ਵਾਯੂਮੰਡਲ ਵਿੱਚ ਮੁੜ ਦਾਖਲ ਹੋਣ ਦੌਰਾਨ ਸੜ ਸਕਦਾ ਹੈ। ਜਾਂ ਵਾਪਸ ਪੁਲਾੜ ਵਿੱਚ ਸੁੱਟਿਆ ਜਾ ਸਕਦਾ ਹੈ। ਉਨ੍ਹਾਂ ਨੇ ਵਾਪਸੀ ਸਬੰਧੀ ਤਿੰਨ ਤਰ੍ਹਾਂ ਦੇ ਖ਼ਤਰਿਆਂ ਦਾ ਜ਼ਿਕਰ ਕੀਤਾ ਹੈ। ਪਹਿਲਾ ਸੰਭਾਵੀ ਖ਼ਤਰਾ ਇਹ ਹੈ ਕਿ ਜੇਕਰ ਕੈਪਸੂਲ ਗ਼ਲਤ ਕੋਣ @ਤੇ ਮੁੜ-ਪ੍ਰਵੇਸ਼ ਕਰਦਾ ਹੈ ਤਾਂ ਇਹ ਵਾਯੂਮੰਡਲ ਤੋਂ ਬਾਹਰ ਨਿਕਲ ਕੇ ਪੁਲਾੜ ਵਿੱਚ ਵਾਪਸ ਆ ਸਕਦਾ ਹੈ। ਉਦੋਂ ਸਟਾਰਲਾਈਨਰ ਕੋਲ ਸਿਰਫ 96 ਘੰਟੇ ਦੀ ਆਕਸੀਜਨ ਅਤੇ ਅਸਫਲ ਥਰਸਟਰ ਹੋਣਗੇ। ਪੁਲਾੜ ਯਾਤਰੀ ਫਿਰ ਪੁਲਾੜ ਵਿੱਚ ਫਸ ਜਾਣਗੇ।

# ਵੈੱਬ ਸੀਰੀਜ਼ 'ਦਿ ਰੌਇਲਜ਼' 'ਚ ਇਕੱਠੇ ਨਜ਼ਰ ਆਉਣਗੇ ਭੂਮੀ ਤੇ ਇਸ਼ਾਨ





ਅਦਾਕਾਰਾ ਭੂਮੀ ਪੇਡਨੇਕਰ ਅਤੇ ਅਦਾਕਾਰ ਇਸ਼ਾਨ ਖੱਟਰ ਨਵੀਂ ਵੈੱਬਸੀਰੀਜ਼ 'ਦਿ ਰੌਇਲਜ਼' ਵਿੱਚ ਇਕੱਠੇ ਨਜ਼ਰ ਆਉਣਗੇ ਅਤੇ ਇਸ ਸੀਰੀਜ਼ ਰਾਹੀਂ ਉੱਘੀ ਅਦਾਕਾਰਾ ਜ਼ੀਨਤ ਅਮਾਨ ਵੀ ਪਰਦੇ 'ਤੇ ਵਾਪਸੀ ਕਰੇਗੀ। ਰੰਗੀਤਾ ਅਤੇ ਇਸ਼ੀਤਾ ਪ੍ਰਤੀਸ਼ ਨੰਦੀ ਵੱਲੋਂ ਬਣਾਈ ਗਈ 'ਦਿ ਰੌਇਲਜ਼' ਇੱਕ ਅਜੋਕੇ ਭਾਰਤੀ ਰਾਜ ਘਰਾਣੇ ਨਾਲ ਦੀ ਰੁਮਾਂਟਿਕ-ਕਾਮੇਡੀ ਸੀਰੀਜ਼ ਹੈ ਜੋ ਨੈੱਟਫਲਿਕਸ 'ਤੇ ਰਿਲੀਜ਼ ਹੋਵੇਗੀ। ਇਕ ਪ੍ਰੈੱਸ ਬਿਆਨ ਰਾਹੀਂ ਦੱਸਿਆ ਗਿਆ ਹੈ, "ਜਦੋਂ ਇੱਕ ਰਾਜਕੁਮਾਰ ਇੱਕ ਉੱਦਮੀ ਨੂੰ ਮਿਲਦਾ ਹੈ ਤਾਂ ਇਹ ਲਾਜ਼ਮੀ ਹੈ ਕਿ ਉਨ੍ਹਾਂ ਦੇ ਖਿਆਲ ਟਕਰਾਉਣਗੇ। ਉਨ੍ਹਾਂ ਦੀਆਂ ਖਾਹਿਸ਼ਾਂ ਟਕਰਾਉਣਗੀਆਂ, ਦੋ ਸੰਸਾਰ ਟਕਰਾਉਣਗੇ ਜਾਂ ਇੱਕ ਹੈਰਾਨੀਜਨਕ ਰੋਮਾਂਸ ਸ਼ੁਰੂ ਹੋਵੇਗਾ।" ਜ਼ੀਨਤ ਅਮਾਨ ਇਸ ਸੀਰੀਜ਼ 'ਚ ਇੱਕ ਖਾਸ ਭੂਮਿਕਾ 'ਚ ਨਜ਼ਰ ਆਏਗੀ। ਰੰਗੀਤਾ ਅਤੇ ਇਸ਼ੀਤਾ ਨੇ ਕਿਹਾ, "ਅਸੀਂ ਨੈੱਟਫਲਿਕਸ ਪਰਿਵਾਰ ਦਾ ਹਿੱਸਾ ਬਣਨ ਲਈ ਅਤੇ ਦਰਸ਼ਕਾਂ ਨੂੰ ਸ਼ਾਹੀ ਮਹਾਰਾਜਾ ਅਤੇ ਇੱਕ 'ਆਮਕੁਮਾਰੀ' (ਆਮ ਲੜਕੀ) ਦੀ ਕਹਾਣੀ ਦੱਸਣ ਲਈ ਬਹੁਤ ਖੁਸ਼ ਹਾਂ।" ਇਸ ਸੀਰੀਜ਼ 'ਚ ਕੰਮ ਕਰਨ ਵਾਲੇ ਕਲਾਕਾਰਾਂ 'ਚ ਸਾਕਸ਼ੀ ਤੰਵਰ, ਨੋਰਾ ਫਤੇਹੀ, ਡੀਨੋ ਮੋਰੀਆ, ਮਿਲਿੰਦ ਸੋਮਨ, ਚੰਕੀ ਪਾਂਡੇ, ਵਿਹਾਨ ਸਮਤ, ਕਾਵਿਆ ਤ੍ਰੇਹਨ, ਸੁਮੁਖੀ ਸੁਰੇਸ਼, ਉਦਿਤ ਅਰੋੜਾ, ਲਿਜ਼ਾ ਮਿਸ਼ਰਾ ਅਤੇ ਲਿਊਕ ਕੈਨੀ ਵੀ ਸ਼ਾਮਲ ਹਨ।

# ਸੰਨੀ ਦਿਓਲ ਵੱਲੋਂ ਫ਼ਿਲਮ 'ਲਾਹੌਰ 1947' ਦੀ ਸ਼ੂਟਿੰਗ ਮੁਕੰਮਲ

ਪਿਛਲੇ ਸਾਲ ਬਲਾਕਬਸਟਰ ਫ਼ਿਲਮ 'ਗਦਰ 2' ਦੇਣ ਵਾਲੇ ਬੌਲੀਵੁੱਡ ਅਦਾਕਾਰ ਸੰਨੀ ਦਿਓਲ ਨੇ ਆਪਣੀ ਆਉਣ ਵਾਲੀ ਫ਼ਿਲਮ



'ਲਾਹੌਰ 1947' ਦੀ ਸ਼ੂਟਿੰਗ ਮੁਕੰਮਲ ਕਰ ਲਈ ਹੈ। ਫ਼ਿਲਮ ਦੀ ਸ਼ੂਟਿੰਗ ਦਾ ਕੰਮ 70 ਦਿਨਾਂ ਨੇਪਰੇ ਚਾੜ੍ਹਿਆ ਗਿਆ ਹੈ। ਰਾਜ ਕੁਮਾਰ ਸੰਤੋਸ਼ੀ ਦੇ ਨਿਰਦੇਸ਼ਨ ਹੇਠ ਬਣੀ ਇਸ ਫ਼ਿਲਮ ਵਿੱਚ ਪ੍ਰੀਤੀ ਜ਼ਿੰਟਾ, ਸ਼ਬਾਨਾ ਆਜ਼ਮੀ, ਅਭਿਮੰਨਿਊ ਸਿੰਘ ਅਤੇ ਅਲੀ ਫ਼ਜ਼ਲ ਅਹਿਮ ਭੂਮਿਕਾਵਾਂ ਵਿੱਚ ਹਨ। ਫਿਲਮ ਦੀ ਕਹਾਣੀ ਭਾਰਤ-ਪਾਕਿ ਦੀ ਵੰਡ ਨੂੰ ਬਿਆਨ ਕਰਦੀ ਹੈ। ਫਿਲਮ ਪ੍ਰੋਡਕਸ਼ਨ ਨਾਲ ਜੁੜੇ ਇੱਕ ਸੂਤਰ ਨੇ ਦੱਸਿਆ ਕਿ 'ਲਾਹੌਰ 1947' ਦੀ ਸ਼ੂਟਿੰਗ ਲਗਾਤਾਰ 70 ਦਿਨਾਂ ਵਿੱਚ ਬਿਨਾਂ ਕਿਸੇ ਛੁੱਟੀ ਦੇ ਮੁਕੰਮਲ ਕੀਤੀ ਗਈ ਹੈ। ਉਸ ਨੇ ਦੱਸਿਆ ਕਿ ਐਡੀਟਿੰਗ ਮਗਰੋਂ ਫਿਲਮ ਦਾ ਪੈਚ-ਵਰਕ ਕੀਤਾ ਜਾਵੇਗਾ। ਫਿਲਮ ਵਿੱਚ ਭੀੜ ਦੇ ਕਈ ਸ਼ਾਟ ਫਿਲਮਾਏ ਗਏ ਹਨ। ਪਿਛਲੇ ਸਾਲ ਅਕਤੂਬਰ ਵਿੱਚ ਇਸ ਫਿਲਮ ਦਾ ਅਧਿਕਾਰਤ ਤੌਰ 'ਤੇ ਐਲਾਨ ਕੀਤਾ ਗਿਆ ਸੀ ਅਤੇ ਇਸ ਨੂੰ ਆਮਿਰ ਖ਼ਾਨ ਪ੍ਰੋਡਕਸ਼ਨ ਦੇ ਬੈਨਰ ਹੇਠ ਬਣਾਇਆ ਗਿਆ।



# ਇੰਡੀਅਨ ਫ਼ਿਲਮ ਮੇਲਾ: ਆਸਟਰੇਲਿਆਈ ਸੰਸਦ 'ਚ ਸੰਬੋਧਨ ਕਰਨਗੇ ਰਾਣੀ ਮੁਖਰਜੀ ਤੇ ਕਰਨ ਜੌਹਰ

ਅਦਾਕਾਰਾ ਰਾਣੀ ਮੁਖਰਜੀ ਅਤੇ ਫਿਲਮ ਨਿਰਦੇਸ਼ਕ ਕਰਨ ਜੌਹਰ ਆਗਾਮੀ 15ਵੇਂ ਇੰਡੀਅਨ ਫਿਲਮ ਫੈਸਟੀਵਲ ਆਫ ਮੈਲਬਰਨ (ਆਈਐੱਫਐੱਫਐੱਮ) ਤੋਂ ਪਹਿਲਾਂ ਆਸਟਰੇਲਿਆਈ ਸੰਸਦ ਵਿੱਚ ਸੰਬੋਧਨ ਕਰਨਗੇ। ਇਹ ਜਾਣਕਾਰੀ ਅੱਜ ਇੱਥੇ ਪ੍ਰਬੰਧਕਾਂ ਨੇ ਦਿੱਤੀ। ਰਾਣੀ ਮੁਖਰਜੀ (46) ਅਤੇ ਕਰਨ ਜੌਹਰ (52) ਨੇ 'ਕੁਛ ਕੁਛ ਹੋਤਾ ਹੈ', 'ਕਭੀ ਖੁਸ਼ੀ ਕਭੀ ਗਮ' ਅਤੇ 'ਕਭੀ ਅਲਵਿਦਾ ਨਾ ਕਹਿਨਾ' ਵਰਗੀਆਂ ਫ਼ਿਲਮਾਂ ਵਿੱਚ ਇਕੱਠਿਆਂ ਕੰਮ ਕੀਤਾ ਹੈ ਅਤੇ ਦੋਵੇਂ 13 ਅਗਸਤ ਨੂੰ ਮੁੱਖ ਭਾਸ਼ਣ ਦੇਣਗੇ। ਮੈਲਬਰਨ ਵਿੱਚ 15 ਤੋਂ 25 ਅਗਸਤ ਤੱਕ ਹੋਣ ਵਾਲੇ ਫਿਲਮ ਮੇਲੇ ਵਿੱਚ ਵੱਖ-ਵੱਖ ਸ਼੍ਰੇਣੀਆਂ ਦੀਆਂ ਭਾਰਤੀ ਫਿਲਮਾਂ ਦਿਖਾਈਆਂ ਜਾਣਗੀਆਂ। ਭਾਰਤੀ ਸਿਨੇਮਾ ਦੇ ਆਲਮੀ ਪ੍ਰਭਾਵ ਅਤੇ ਸੱਭਿਆਚਾਰਕ ਮਹੱਤਵ ਬਾਰੇ ਮੁੱਖ ਭਾਸ਼ਣ ਵਿੱਚ ਆਸਟਰੇਲਿਆਈ ਸੰਸਦ ਮੈਂਬਰ, ਮੰਤਰੀ ਤੇ ਹੋਰ ਸ਼ਖ਼ਸੀਅਤਾਂ ਸ਼ਾਮਲ ਹੋਣਗੀਆਂ। ਰਾਣੀ ਮੁਖਰਜੀ ਨੇ ਕਿਹਾ ਕਿ ਉਹ ਆਸਟਰੇਲਿਆਈ ਸੰਸਦ ਭਵਨ ਵਿੱਚ ਭਾਰਤੀ ਫਿਲਮ ਭਾਈਚਾਰੇ ਦੀ ਨੁਮਾਇੰਦਗੀ ਕਰਨ ਲਈ ਮਾਣ ਮਹਿਸੂਸ ਕਰ ਰਹੀ ਹੈ। ਕਰਨ ਜੌਹਰ ਨੇ ਕਿਹਾ ਕਿ ਉਹ ਭਾਰਤੀ ਸਿਨੇਮਾ ਦੇ ਸ਼ਾਨਦਾਰ ਸਫ਼ਰ ਦਾ ਜਸ਼ਨ ਮਨਾਉਣ ਲਈ 'ਇਤਿਹਾਸਕ ਸਮਾਗਮ' ਵਿੱਚ ਬੁਲਾਰੇ ਵਜੋਂ ਬੁਲਾਏ ਜਾਣ 'ਤੇ ਮਾਣ ਮਹਿਸੂਸ ਕਰ ਰਿਹਾ ਹੈ। ਫਿਲਮ ਮੇਲੇ ਦੇ ਨਿਰਦੇਸ਼ਕ ਮੀਤੂ ਭੌਮਿਕ ਲਾਂਗੇ ਨੇ ਕਿਹਾ, "ਆਸਟਰੇਲਿਆਈ ਸੰਸਦ ਵਿੱਚ ਰਾਣੀ ਮੁਖਰਜੀ ਅਤੇ ਕਰਨ ਜੌਹਰ ਦਾ ਮੁੱਖ ਬੁਲਾਰੇ ਵਜੋਂ ਹੋਣਾ ਫਿਲਮ ਮੇਲੇ ਦੇ ਵੱਧ ਰਹੇ ਪ੍ਰਭਾਵ ਅਤੇ ਮਾਨਤਾ ਦਾ ਸਬੂਤ ਹੈ।"



# ਆਪਣੀ ਸ਼ਖ਼ਸੀਅਤ ਦੇ ਕੱਦ ਨੂੰ ਉੱਚਾ ਕਰੋ



- ਅਮਰਜੀਤ ਬਰਾੜ

> **ਇਹ ਸਹੀ ਹੈ ਕਿ ਚੰਗੇ ਇਨਸਾਨ ਬਣੋ ਪਰ ਮੂਰਖ ਲੋਕਾਂ ਸਾਹਮਣੇ ਖੁਦ ਨੂੰ ਸਹੀ ਸਾਬਤ ਕਰਨ ਵਿਚ ਆਪਣਾ ਕੀਮਤੀ ਸਮਾਂ ਅਤੇ ਆਪਣੀ ਕੀਮਤੀ ਊਰਜਾ ਨੂੰ ਨਸ਼ਟ ਨਾ ਕਰੋ। ਬੁਰੇ ਵਕਤ ਨਾਲ ਸੰਘਰਸ਼ ਕਰਨਾ ਸਿੱਖੋ। ਆਪਣੇ ਇਸ ਯਕੀਨ ਨੂੰ ਤੋੜੋ ਕਿ ਤੁਸੀਂ ਸਫਲ ਨਹੀਂ ਹੋ ਸਕਦੇ।**

ਕਿਸੇ ਦੀ ਉਦਾਸੀ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰੋ, ਤੁਹਾਡੇ ਚਿਹਰੇ 'ਤੇ ਮੁਸਕਰਾਹਟ ਆਪਣੇ-ਆਪ ਆ ਜਾਵੇਗੀ। ਕਿਸੇ ਦੀ ਜ਼ਿੰਦਗੀ ਲਈ ਖੁਸ਼ੀ ਦੇ ਬੀਜ ਬੀਜੋਗੇ ਤਾਂ ਕੁਦਰਤ ਤੁਹਾਨੂੰ ਖੁਸ਼ਹਾਲੀ ਆਪਣੇ-ਆਪ ਸੌਂਪ ਦੇਵੇਗੀ। ਜ਼ਿਕਰ ਕਰਨਾ ਸੌਖਾ ਹੈ ਪਰ ਤੁਹਾਡਾ ਫਿਕਰ ਉਹੀ ਕਰਦੇ ਹਨ, ਜਿਹੜੇ ਤੁਹਾਡੇ ਵਿਚ ਕੋਈ ਤਬਦੀਲੀ ਦੇਖਣਾ ਚਾਹੁੰਦੇ ਹਨ। ਹੁਣ ਜ਼ਮਾਨੇ ਦੀਆਂ ਲੋੜਾਂ ਬਦਲ ਗਈਆਂ ਹਨ। ਸਮਾਜ ਨੂੰ ਇਸ ਗੱਲ ਦੀ ਸਮਝ ਆ ਰਹੀ ਹੈ ਕਿ ਔਰਤ ਦੇ ਯੋਗਦਾਨ ਤੋਂ ਬਗੈਰ ਖੁਸ਼ਹਾਲੀ ਸੰਭਵ ਨਹੀਂ ਹੈ। ਔਰਤ ਦਾ ਸਿਰਫ ਸੁੰਦਰ ਅਤੇ ਪੜ੍ਹੇ-ਲਿਖੇ ਹੋਣਾ ਹੀ ਕਾਫੀ ਨਹੀਂ ਹੈ। ਇਹ ਬਹੁਤ ਜ਼ਰੂਰੀ ਹੋ ਗਿਆ ਹੈ ਕਿ ਔਰਤ ਆਪਣੀ ਸ਼ਖ਼ਸੀਅਤ ਦੇ ਕੱਦ ਨੂੰ ਹੋਰ ਉੱਚਾ ਕਰੇ। ਆਪਣੀ ਮਹੱਤਤਾ ਅਤੇ ਮਹਾਨਤਾ ਨੂੰ ਸਮਝੇ। ਉਹ ਆਪਣੇ ਪ੍ਰਤੀ ਹੁੰਦੀ ਬੇਇਨਸਾਫੀ ਦਾ ਸਹੀ ਤਰੀਕੇ ਨਾਲ ਜਵਾਬ ਦੇਣਾ ਸਿੱਖੇ। ਧਿਆਨ ਨਾਲ ਸੁਣੋ, ਧੀਰਜ ਨਾਲ ਬੋਲੋ, ਠੰਢੇ ਦਿਮਾਗ ਨਾਲ ਜਵਾਬ ਦਿਓ ਅਤੇ ਜਦੋਂ ਕਹਿਣ ਨੂੰ ਕੁਝ ਨਾ ਹੋਵੇ ਤਾਂ ਚੁੱਪ ਰਹੋ। ਸਬਰ ਤੋਂ ਵੱਡਾ ਕੋਈ ਸੁੱਖ ਨਹੀਂ ਅਤੇ ਲਾਲਚ ਤੋਂ ਵੱਡਾ ਕੋਈ ਦੁੱਖ ਨਹੀਂ।

ਸਿਰਫ ਚਿਹਰੇ 'ਤੇ ਮੇਕਅਪ ਕਰਨਾ ਹੀ ਸੁੰਦਰਤਾ ਨਹੀਂ ਹੁੰਦੀ, ਕਿਉਂਕਿ ਤੁਹਾਡੇ ਚਿਹਰੇ ਦਾ ਅਸਲੀ ਰੂਪ ਤੁਹਾਡੇ ਅੰਦਰਲੇ ਖੇੜੇ 'ਤੇ ਹੀ ਨਿਰਭਰ ਕਰਦਾ ਹੈ। ਪਲਾਸਟਿਕ ਦੇ ਫੁੱਲ ਸੁੰਦਰ ਹੁੰਦੇ ਹਨ ਪਰ ਉਨ੍ਹਾਂ ਵਿਚ ਖੁਸ਼ਬੂ ਨਹੀਂ ਹੁੰਦੀ। ਸਮਝਦਾਰੀ ਤੋਂ ਵੱਡਾ ਕੋਈ ਗੁਣ ਨਹੀਂ ਅਤੇ ਇੱਜ਼ਤ ਤੋਂ ਵੱਡੀ ਕੋਈ ਸ਼ੋਹਰਤ ਨਹੀਂ। ਕਿਸੇ ਦੀ ਬੁਰਾਈ ਦਾ ਜ਼ਿਕਰ ਕਰਨਾ ਬਹੁਤ ਆਸਾਨ ਹੈ ਪਰ ਦੂਜਿਆਂ ਵਿਚੋਂ ਚੰਗਿਆਈ ਖੋਜਣਾ ਮੁਸ਼ਕਿਲ। ਔਰਤ ਦੀ ਜ਼ਿੰਦਗੀ ਦੇ ਫਿਕਰ ਬਹੁਤ ਹੁੰਦੇ ਹਨ ਪਰ ਉਨ੍ਹਾਂ ਦਾ ਜ਼ਿਕਰ ਬਹੁਤ ਘੱਟ ਹੁੰਦਾ ਹੈ। ਯਾਦ ਰੱਖੋ ਕਿ ਈਰਖਾ ਤੋਂ ਵੱਡੀ ਕੋਈ ਸਜ਼ਾ ਨਹੀਂ ਅਤੇ ਚਰਿੱਤਰ ਤੋਂ ਵੱਡੀ ਕੋਈ ਦੌਲਤ ਨਹੀਂ ਹੈ। ਮੁਸਕਰਾਹਟ ਤੋਂ ਵੱਡੀ ਕੋਈ ਸੁੰਦਰਤਾ ਨਹੀਂ ਹੈ ਅਤੇ ਮਿਹਨਤ ਤੋਂ ਵੱਡਾ ਕੋਈ ਦੋਸਤ ਨਹੀਂ ਹੈ। ਗਿਆਨ ਤੋਂ ਵੱਡੀ ਕੋਈ ਦਾਤ ਨਹੀਂ ਹੈ ਅਤੇ ਸ਼ੱਕ ਤੋਂ ਵੱਡੀ ਕੋਈ ਪ੍ਰੇਸ਼ਾਨੀ ਨਹੀਂ ਹੈ। ਪਿਆਰ ਤੋਂ ਵੱਡੀ ਕੋਈ ਤਾਕਤ ਨਹੀਂ ਹੈ ਅਤੇ ਯਕੀਨ ਤੋਂ ਵੱਡਾ ਕੋਈ ਰਿਸ਼ਤਾ ਨਹੀਂ ਹੈ। ਸੇਵਾ ਤੋਂ ਵੱਡੀ ਕੋਈ ਭਗਤੀ ਨਹੀਂ ਹੈ ਅਤੇ ਆਲਸ ਤੋਂ ਵੱਡਾ ਕੋਈ ਦੁਸ਼ਮਣ ਨਹੀਂ ਹੈ। ਤਾਕਤ ਦੇ ਨਾਲ-ਨਾਲ ਸਹਿਣਸ਼ੀਲਤਾ ਵੀ ਜ਼ਰੂਰੀ ਹੈ। ਯਤਨ ਕਰਦਿਆਂ ਗ਼ਲਤੀ ਦਾ ਹੋਣਾ ਪਹਿਲਾ ਕਦਮ ਨਹੀਂ ਹੈ, ਬਲਕਿ ਆਪਣੀ ਗ਼ਲਤੀ ਨੂੰ ਸੁਧਾਰਨਾ ਪਹਿਲਾ ਕਦਮ ਹੁੰਦਾ ਹੈ। ਇਹ ਸੱਚ ਹੈ ਕਿ ਧਰਤੀ 'ਤੇ ਕੋਈ ਅਜਿਹਾ ਵਿਅਕਤੀ ਨਹੀਂ, ਜਿਸ ਨੂੰ ਕੋਈ ਸਮੱਸਿਆ ਨਾ ਹੋਵੇ ਤੇ ਕੋਈ ਸਮੱਸਿਆ ਅਜਿਹੀ ਨਹੀਂ ਜਿਸ ਦਾ ਕੋਈ ਹੱਲ ਨਾ ਹੋਵੇ। ਸਮੱਸਿਆ ਬਾਰੇ ਸੋਚੋਗੇ ਤਾਂ ਇਹ ਬਹਾਨੇ ਬਣਦੇ ਹਨ ਅਤੇ ਇਸ ਦੇ ਹੱਲ ਲਈ ਯਤਨ ਕਰੋਗੇ ਤਾਂ ਰਸਤੇ ਨਜ਼ਰ ਆਉਣਗੇ।

ਤੁਹਾਡਾ ਅਸਲੀ ਮੁਕਾਬਲਾ ਆਪਣੇ-ਆਪ ਨਾਲ ਹੈ। ਜੇਕਰ ਤੁਸੀਂ ਖੁਦ ਨੂੰ ਆਪਣੇ ਲੰਘ ਚੁੱਕੇ ਸਮੇਂ ਤੋਂ ਚੰਗਾ ਬਣਾ ਸਕਦੇ ਹੋ ਤਾਂ ਇਸ ਤੋਂ ਵੱਡੀ ਕੋਈ ਜਿੱਤ ਨਹੀਂ ਹੋਵੇਗੀ। ਜਦੋਂ ਤੁਹਾਨੂੰ ਆਪਣੇ ਗ਼ਲਤ ਹੋਣ ਦਾ ਅਹਿਸਾਸ ਹੋਣਾ ਬੰਦ ਹੋ ਜਾਵੇ ਤਾਂ ਸਮਝ ਲਵੋ ਤੁਹਾਨੂੰ ਕੋਈ ਵੀ ਸਹੀ ਰਸਤਾ ਦਿਖਾਉਣ ਵਾਲਾ ਨਹੀਂ ਮਿਲੇਗਾ। ਵੱਡੇ ਕੰਮ ਤਾਕਤ ਨਾਲ ਨਹੀਂ, ਸਗੋਂ ਲਗਾਤਾਰ ਜੁਟੇ ਰਹਿਣ ਨਾਲ ਹੀ ਹੁੰਦੇ ਹਨ। ਅਸੀਂ ਆਪਣੀ ਸ਼ਖ਼ਸੀਅਤ ਦੇ ਖੁਦ ਮਾਲਕ ਹਾਂ ਅਤੇ ਆਪਣੇ ਚੰਗੇ ਕਿਰਦਾਰ ਨਾਲ ਅਸੀਂ ਆਪਣੇ ਕੱਦ ਨੂੰ ਹੋਰ ਉੱਚਾ ਕਰ ਸਕਦੇ ਹਾਂ। ਈਰਖਾ ਅਕਸਰ ਔਰਤ ਦੀ ਸ਼ਖ਼ਸੀਅਤ ਦੇ ਕੱਦ ਨੂੰ ਨੀਵਾਂ ਕਰਦੀ ਹੈ। ਰੋਟੀ ਨਾਲ ਘਿਓ ਅਤੇ ਨਾਂਅ ਨਾਲ ਜੀ ਲਾਉਣ ਨਾਲ ਸੁਆਦ ਅਤੇ ਇੱਜ਼ਤ ਹੋਰ ਵੀ ਵਧ ਜਾਂਦੇ ਹਨ। ਚੰਗੇ ਕਰਮਾਂ ਦੇ ਬੀਜ ਬੀਜੋ, ਤੁਹਾਨੂੰ ਚੰਗੀਆਂ ਆਦਤਾਂ ਦੀ ਫਸਲ ਮਿਲੇਗੀ। ਤੁਸੀਂ ਚੰਗੀਆਂ ਆਦਤਾਂ ਦੇ ਬੀਜ ਬੀਜੋ, ਤੁਹਾਨੂੰ ਚੰਗੇ ਚਰਿੱਤਰ ਦੀ ਫਸਲ ਮਿਲੇਗੀ। ਤੁਸੀਂ ਚੰਗੇ ਚਰਿੱਤਰ ਦਾ ਬੀਜ ਬੀਜੋ, ਤੁਹਨੂੰ ਚੰਗੀ ਕਿਸਮਤ ਦੀ ਫਸਲ ਜ਼ਰੂਰ ਮਿਲੇਗੀ। ਅਕਸਰ ਗਰਮੀ ਅਤੇ ਸੋਕੇ ਤੋਂ ਬਾਅਦ ਮੀਂਹ ਦੀਆਂ ਪਹਿਲੀਆਂ ਕਣੀਆਂ ਨੂੰ ਕੁਰਬਾਨ ਹੋਣਾ ਹੀ ਪੈਂਦਾ ਹੈ। ਆਪਣੇ ਚੰਗੇ ਭਵਿੱਖ ਦੀ ਤਲਾਸ਼ ਲਈ ਔਰਤਾਂ ਨੂੰ ਬਹੁਤ ਸਾਰੀਆਂ ਕੁਰਬਾਨੀਆਂ ਦੇਣੀਆਂ ਪਈਆਂ ਹਨ। ਆਪਣੇ-ਆਪ ਨੂੰ ਖੋਜਣਾ ਸਭ ਤੋਂ ਵੱਡਾ ਕੰਮ ਹੈ। ਆਪਣਿਆਂ ਵਿਚੋਂ ਆਪਣਿਆਂ ਨੂੰ ਪਹਿਚਾਨਣਾ ਸਭ ਤੋਂ ਮੁਸ਼ਕਿਲ ਕੰਮ ਹੈ।

ਦ੍ਰਿਸ਼ਟੀ ਦੇ ਪਿੱਛੇ ਤੁਹਾਡੇ ਦ੍ਰਿਸ਼ਟੀਕੋਣ ਦਾ ਸਾਫ਼ ਤੇ ਉਸਾਰੂ ਹੋਣਾ ਜ਼ਰੂਰੀ ਹੈ। ਆਪਣੀਆਂ ਸਮੱਸਿਆਵਾਂ ਦੇ ਚੰਗੇ ਬਦਲ ਖੋਜੋ। ਦੂਜਿਆਂ ਨੂੰ ਆਪਣੇ ਨਾਲ ਤੋਰਨ ਲਈ ਉਨ੍ਹਾਂ ਨਾਲ ਸਹਿਮਤ ਹੋਣਾ ਸਿੱਖੋ। ਤੁਰੰਤ ਹਾਂ ਜਾਂ ਨਾਂਹ ਕਹਿ ਦੇਣਾ ਕਈ ਵਾਰ ਸਹੀ ਜਵਾਬ ਨਹੀਂ ਹੁੰਦਾ। ਖੁਦ ਚੰਗੇ ਬਣੇ ਰਹੋ, ਕਿਉਂਕਿ ਤੁਹਾਡੀਆਂ ਕਈ ਗੱਲਾਂ ਦਾ ਸਹੀ ਜਵਾਬ ਤੁਹਾਡਾ ਵਕਤ ਦਿੰਦਾ ਹੈ। ਇਹ ਸਹੀ ਹੈ ਕਿ ਚੰਗੇ ਇਨਸਾਨ ਬਣੋ ਪਰ ਮੂਰਖ ਲੋਕਾਂ ਸਾਹਮਣੇ ਖੁਦ ਨੂੰ ਸਹੀ ਸਾਬਤ ਕਰਨ ਵਿਚ ਆਪਣਾ ਕੀਮਤੀ ਸਮਾਂ ਅਤੇ ਆਪਣੀ ਕੀਮਤੀ ਊਰਜਾ ਨੂੰ ਨਸ਼ਟ ਨਾ ਕਰੋ। ਬੁਰੇ ਵਕਤ ਨਾਲ ਸੰਘਰਸ਼ ਕਰਨਾ ਸਿੱਖੋ। ਆਪਣੇ ਇਸ ਯਕੀਨ ਨੂੰ ਤੋੜੋ ਕਿ ਤੁਸੀਂ ਸਫਲ ਨਹੀਂ ਹੋ ਸਕਦੇ। ਜੇਕਰ ਕਿਸੇ ਬੁਰੇ ਵਿਅਕਤੀ 'ਤੇ ਯਕੀਨ ਕਰਨਾ ਖ਼ਤਰਨਾਕ ਹੈ ਤਾਂ ਕਿਸੇ ਚੰਗੇ ਵਿਅਕਤੀ 'ਤੇ ਯਕੀਨ ਨਾ ਕਰਨਾ ਵੀ ਨੁਕਸਾਨਦੇਹ ਹੈ। ਤੁਹਾਡੀ ਆਪਣੀ ਚੰਗੀ ਸਮਝ ਹੀ ਤੁਹਾਡਾ ਚੰਗਾ ਦੋਸਤ ਹੈ।

---

# ਚਿੰਤਾ ਤਿਆਗੋ ਖ਼ੁਸ਼ੀ ਅਪਨਾਓ



> **ਉਹ ਚਿੰਤਾ ਦੇਣਗੇ ਅਤੇ ਮਾਹੌਲ ਖਰਾਬ ਕਰਨਗੇ। ਬਿਹਤਰ ਹੈ ਕਿ ਅਜਿਹੇ ਲੋਕਾਂ ਨੂੰ ਜਵਾਬ ਨਾ ਹੀ ਦਿਓ ਅਤੇ ਉਥੋਂ ਉੱਠ ਜਾਣਾ ਹੀ ਬਿਹਤਰ ਸਮਝੋ।**

ਕੁਦਰਤ ਨੂੰ ਮਨੁੱਖ ਨੇ ਧਰਤੀ 'ਤੇ ਸਭ ਤੋਂ ਸ਼੍ਰੇਸ਼ਠ ਬਣਾ ਕੇ ਭੇਜਿਆ। ਉਸਨੂੰ ਚੰਗੀ ਯਾਦ ਸ਼ਕਤੀ ਦਿੱਤੀ, ਸੋਚ ਅਤੇ ਸਮਝ ਦਿੱਤੀ। ਉਸਨੂੰ ਚੰਗੇ ਬੁਰੇ ਦੀ ਪਰਖ ਦੀ ਸੋਝੀ ਵੀ ਦਿੱਤੀ। ਇਸ ਦੇ ਨਾਲ ਉਸ ਨੂੰ ਫ਼ਿਕਰ ਕਰਨ ਜਾਂ ਕਹਿ ਲਵੋ ਕਿ ਧਿਆਨ ਦੇਣ ਦਾ ਵਲ ਵੀ ਦਿੱਤਾ, ਪਰ ਕਈ ਵਾਰ ਇਹ ਕਰੂਪ ਰੂਪ ਧਾਰ ਜਾਂਦਾ ਹੈ। ਹਰ ਵੇਲੇ ਚਿੰਤਾ ਵਿਚ ਰਹਿਣਾ ਆਪਣੇ ਆਪ ਨੂੰ ਤਣਾਅ ਵਿਚ ਰੱਖਣਾ ਸਿਹਤ ਖ਼ਰਾਬ ਕਰ ਦਿੰਦਾ ਹੈ। ਸਿਆਣਿਆਂ ਨੇ ਠੀਕ ਹੀ ਕਿਹਾ ਹੈ ਕਿ ਚਿੰਤਾ ਚਿਖਾ ਬਰਾਬਰ ਹੈ। ਚਿੰਤਾ ਕਰਨੀ ਕਿਸੇ ਹੱਦ ਤਕ ਠੀਕ ਹੈ। ਜਦੋਂ ਇਹ ਜ਼ਰੂਰਤ ਤੋਂ ਵੱਧ ਕਰਨ ਦੀ ਆਦਤ ਬਣ ਜਾਏ ਤਾਂ ਇਹ ਸਰੀਰ ਅਤੇ ਦਿਮਾਗ਼ 'ਤੇ ਅਸਰ ਕਰਦੀ ਹੈ। ਜੇਕਰ ਚਿੰਤਾ ਕਰਨ ਨਾਲ ਮਸਲੇ ਹੱਲ ਹੋ ਜਾਂਦੇ ਤਾਂ ਠੀਕ ਸੀ, ਪਰ ਇਹ ਹੋਰ ਮੁਸੀਬਤਾਂ ਲੈ ਕੇ ਆਉਂਦੀ ਹੈ। ਹਰ ਗੱਲ 'ਤੇ ਕਿੰਤੂ ਪ੍ਰੰਤੂ ਕਰਨਾ। ਹਰ ਕੰਮ ਕਰਨ ਦੇ ਨਾਲ ਹੀ ਉਸਦੇ ਖ਼ਰਾਬ ਹੋਣ ਦੀ ਸੋਚ ਫਾਲਤੂ ਦੀ ਚਿੰਤਾ ਹੈ। ਘਰ ਦੀ ਸਫ਼ਾਈ ਰੱਖਣੀ ਠੀਕ ਹੈ, ਪਰ ਹਰ ਵੇਲੇ ਘਰ ਦੇ ਸਾਮਾਨ ਦੇ ਇੱਧਰ ਉੱਧਰ ਹੋ ਜਾਣ 'ਤੇ ਚਿੰਤਾ ਕਰੀ ਜਾਣਾ ਬਿਮਾਰੀ ਦਾ ਘਰ ਹੈ। ਘਰ ਨੂੰ ਘਰ ਹੀ ਰਹਿਣ ਦੇਣਾ ਚਾਹੀਦਾ ਹੈ। ਜਦੋਂ ਹਰ ਵੇਲੇ ਟਿੰਡ ਵਿਚ ਕਾਨਾਂ ਪਾਈ ਰੱਖਦੇ ਹੋ ਤਾਂ ਇਹ ਸਿਰ ਦਰਦੀ ਬਣ ਜਾਂਦੀ ਹੈ।

ਲੋਕ ਚਿੰਤਾ ਇਸ ਤਰ੍ਹਾਂ ਵੀ ਕਰਦੇ ਹਨ ਕਿ ਮੈਂ ਤਾਂ ਆਪਣੇ ਆਪ ਵਿਚ ਬਹੁਤ ਆਧੁਨਿਕ ਹਾਂ, ਪਰ ਪਰਿਵਾਰ ਦੇ ਦੂਸਰੇ ਮੈਂਬਰਾਂ ਨੂੰ ਉੱਠਣ-ਬੈਠਣ, ਖਾਣ-ਪੀਣ, ਰਹਿਣ-ਸਹਿਣ ਅਤੇ ਕੱਪੜੇ ਪਾਉਣ ਦਾ ਸਲੀਕਾ ਨਹੀਂ। ਹਰ ਵੇਲੇ ਉਨ੍ਹਾਂ ਨੂੰ ਬਦਲਣ ਦੀਆਂ ਯੋਜਨਾਵਾਂ ਅਤੇ ਲੋਕਾਂ ਵਿਚ ਵਿਖਾਵੇ ਦੀ ਚਿੰਤਾ। ਅਜਿਹੇ ਲੋਕ ਨਾ ਖ਼ੁਦ ਚੈਨ ਨਾਲ ਜਿਉਂਦੇ ਹਨ ਨਾ ਹੀ ਦੂਜਿਆਂ ਨੂੰ ਜਿਊਣ ਦਿੰਦੇ ਹਨ। ਅਜਿਹੇ ਲੋਕ ਸਾਰਾ ਮਾਹੌਲ ਗ਼ਮਗੀਨ ਬਣਾ ਕੇ ਰੱਖਦੇ ਹਨ।

ਚਿੰਤਾ ਵਿਚ ਬਣਾਇਆ ਖਾਣਾ ਵੀ ਸਿਹਤ ਲਈ ਨੁਕਸਾਨ ਕਰਨ ਵਾਲਾ ਹੁੰਦਾ ਹੈ। ਕਦੇ ਸੋਚ ਕੇ ਵੇਖਣਾ ਗੁਰਦੁਆਰਿਆਂ ਵਿਚ ਬਣੇ ਲੰਗਰ ਨਾਲ ਤ੍ਰਿਪਤੀ ਕਿਉਂ ਹੁੰਦੀ ਹੈ ? ਮੇਰੇ ਵਿਚਾਰ ਨਾਲ ਉੱਥੋਂ ਦੇ ਮਾਹੌਲ, ਬਣਾਉਣ ਵਾਲਿਆਂ ਦੀ ਸ਼ਰਧਾ ਭਾਵਨਾ ਅਤੇ ਉਸ ਵਿਚ ਪਿਆਰ ਹੁੰਦਾ ਹੈ। ਉਹੀ ਆਟਾ ਅਤੇ ਦਾਲਾਂ ਹੁੰਦੀਆਂ ਹਨ।

ਵਧੇਰੇ ਚਿੰਤਾ ਕਰਨਾ ਬਿਮਾਰੀ ਹੈ ਅਤੇ ਹੋਰ ਬਿਮਾਰੀਆਂ ਨੂੰ ਸੱਦਾ ਦੇਣ ਦਾ ਸੱਦਾ ਪੱਤਰ ਹੈ। ਖ਼ੁਸ਼ ਰਹਿਣਾ ਸਿਹਤ ਲਈ ਵਧੀਆ ਅਤੇ ਮੁਫ਼ਤ ਦੀ ਦਵਾਈ ਹੈ। ਖੁੱਲ੍ਹ ਕੇ ਹੱਸਣਾ, ਖਿੜ ਖਿੜ ਕਰਕੇ ਹੱਸਣਾ ਤੰਦਰੁਸਤੀ ਦੀ ਨਿਸ਼ਾਨੀ ਹੈ ਅਤੇ ਤੰਦਰੁਸਤ ਰਹਿਣ ਦਾ ਵਧੀਆ ਤਰੀਕਾ ਹੈ। ਜਿਹੜੇ ਖੁੱਲ੍ਹ ਕੇ ਹੱਸਣ ਨੂੰ ਗਵਾਰਪੁਣਾ ਕਹਿੰਦੇ ਹਨ, ਅਜਿਹੇ ਲੋਕ ਨਾਂਹ ਪੱਖੀ ਸੋਚ, ਵਿਖਾਵੇ ਅਤੇ ਝੂਠੀ ਜ਼ਿੰਦਗੀ ਜਿਉ ਰਹੇ ਹੁੰਦੇ ਹਨ।

ਬਹੁਤ ਵਾਰ ਇਹ ਚਿੰਤਾ ਦਵਾਈ ਖਾਣ ਲਈ ਮਜਬੂਰ ਕਰ ਦਿੰਦੀ ਹੈ। ਇਨ੍ਹਾਂ ਦਵਾਈਆਂ ਵਿਚ ਵੀ ਥੋੜ੍ਹਾ ਬਹੁਤ ਨਸ਼ਾ ਤਾਂ ਹੁੰਦਾ ਹੈ। ਦਵਾਈਆਂ ਦੀ ਵਰਤੋਂ ਘੱਟ ਤੋਂ ਘੱਟ ਕਰੋ ਅਤੇ ਚਿੰਤਾ ਤੋਂ ਮੁਕਤ ਹੋਣ ਦੀ ਕੋਸ਼ਿਸ਼ ਕਰੋ। ਦੁਨੀਆ ਵਿਚ ਕੁਝ ਵੀ ਅਸੰਭਵ ਨਹੀਂ ਹੈ, ਫਿਰ ਚਿੰਤਾ ਕਿਸ ਚੀਜ਼ ਦੀ। ਆਪਣੇ ਆਪ ਨੂੰ ਉਸਾਰੂ ਸੋਚ ਵਾਲਾ ਬਣਾਓ। ਦੂਸਰਿਆਂ ਨੂੰ ਬਦਲਣ ਦੀ ਥਾਂ ਆਪਣੇ ਆਪ ਨੂੰ ਬਦਲੋ। ਜੋ ਤੁਸੀਂ ਕਰ ਰਹੇ ਹੋ, ਉਹ ਵੀ ਤਾਂ ਦੂਸਰਿਆਂ ਲਈ ਕਰਨਾ ਔਖਾ ਹੈ। ਲੋਕ ਕੀ ਕਹਿਣਗੇ ? ਦੀ ਚਿੰਤਾ ਬਿਲਕੁਲ ਨਾ ਕਰੋ ਕਿਉਂਕਿ ਜੋ ਅਜਿਹਾ ਬੋਲਦੇ ਹਨ ਉਹ ਵਿਹਲੜ ਅਤੇ ਘਟੀਆ ਸੋਚ ਦੇ ਮਾਲਕ ਹੁੰਦੇ ਹਨ। ਜਿਨ੍ਹਾਂ ਨਾਲ ਤੁਹਾਡੇ ਵਿਚਾਰ ਅਤੇ ਸੋਚ ਮਿਲਦੀ ਹੋਵੇ ਉਨ੍ਹਾਂ ਨਾਲ ਗੱਲਬਾਤ ਜ਼ਰੂਰ ਕਰਦੇ ਰਹੋ। ਉਸਾਰੂ ਸੋਚ ਹਮੇਸ਼ਾਂ ਚੜ੍ਹਦੀ ਕਲਾ ਵਿਚ ਰੱਖਦੀ ਹੈ।

ਜਿਹੜੇ ਤੁਹਾਡੇ ਵਿਚ ਹਰ ਵਕਤ ਨੁਕਸ ਕੱਢਦੇ ਹਨ, ਉਨ੍ਹਾਂ ਨੂੰ ਕਦੇ ਵੀ ਸਫ਼ਾਈ ਦੇਣ ਦੀ ਗ਼ਲਤੀ ਨਾ ਕਰੋ। ਉਨ੍ਹਾਂ ਨਾਲ ਬਹਿਸ ਜਾਂ ਆਪਣੇ ਆਪ ਨੂੰ ਠੀਕ ਸਾਬਤ ਵੀ ਨਾ ਕਰੋ ਕਿਉਂਕਿ ਇਹ ਲੋਕ ਤੁਹਾਡੀ ਗੱਲ ਅਤੇ ਤੁਹਾਡੀ ਸੋਚ ਨੂੰ ਕਦੇ ਸਹੀ ਨਹੀਂ ਕਹਿਣਗੇ ਅਤੇ ਨਾ ਹੀ ਮੰਨਣਗੇ। ਉਹ ਚਿੰਤਾ ਦੇਣਗੇ ਅਤੇ ਮਾਹੌਲ ਖ਼ਰਾਬ ਕਰਨਗੇ। ਬਿਹਤਰ ਹੈ ਕਿ ਅਜਿਹੇ ਲੋਕਾਂ ਨੂੰ ਜਵਾਬ ਨਾ ਹੀ ਦਿਓ ਅਤੇ ਉਥੋਂ ਉੱਠ ਜਾਣਾ ਹੀ ਬਿਹਤਰ ਸਮਝੋ। ਆਪਣੇ ਆਪ ਨੂੰ ਚੰਗੀਆਂ ਕਿਤਾਬਾਂ ਪੜ੍ਹਨ ਵੱਲ ਲਗਾਓ। ਚੰਗੇ ਰੇਡਿਓ ਪ੍ਰੋਗਰਾਮ ਸੁਣੋ ਅਤੇ ਚੰਗੇ ਟੀਵੀ ਪ੍ਰੋਗਰਾਮ ਵੇਖੋ। ਚਿੰਤਾ ਦੇਣ ਵਾਲੇ ਲੋਕਾਂ ਅਤੇ ਮਾਹੌਲ ਤੋਂ ਆਪਣੇ ਆਪ ਨੂੰ ਦੂਰ ਰੱਖਣ ਦੀ ਕੋਸ਼ਿਸ਼ ਹੀ ਨਾ ਕਰੋ ਸਗੋਂ ਰੱਖੋ। ਸਮੱਸਿਆ ਦਾ ਹੱਲ ਲੱਭੋ ਨਾ ਕਿ ਚਿੰਤਾ ਹੀ ਕਰੀ ਜਾਓ। ਆਪਣੇ ਉਸ ਦੋਸਤ ਮਿੱਤਰ ਜਾਂ ਰਿਸ਼ਤੇਦਾਰ ਨਾਲ ਆਪਣੀ ਸਮੱਸਿਆ ਸਾਂਝੀ ਕਰੋ ਜੋ ਤੁਹਾਨੂੰ ਅਤੇ ਤੁਹਾਡੇ ਵਿਚਾਰਾਂ ਨੂੰ ਚੰਗੀ ਤਰ੍ਹਾਂ ਸਮਝਦਾ ਹੋਵੇ।

ਅੱਜਕੱਲ੍ਹ ਫੋਨ ਅਤੇ ਇੰਟਰਨੈੱਟ ਦਾ ਜ਼ਮਾਨਾ ਹੈ। ਜਿੱਥੇ ਇਸਦੇ ਫਾਇਦੇ ਹਨ ਉੱਥੇ ਨੁਕਸਾਨ ਵੀ ਹਨ। ਇਸ 'ਤੇ ਬਹੁਤ ਜਾਣਕਾਰੀ ਭਰਪੂਰ ਸਮੱਗਰੀ ਹੁੰਦੀ ਹੈ, ਉਸਨੂੰ ਪੜ੍ਹੋ। ਮਨੁੱਖਾ ਜੀਵਨ ਬਹੁਤ ਕੀਮਤੀ ਹੈ। ਇਸਨੂੰ ਖ਼ੁਸ਼ ਰਹਿ ਕੇ ਮਾਣੋ। ਖ਼ੁਸ਼ੀ ਅਮੀਰੀ ਵਿਚ ਨਹੀਂ ਸੰਤੁਸ਼ਟੀ ਵਿਚ ਹੈ। ਜਿੰਨਾ ਵਿਖਾਵੇ ਅਤੇ ਝੂਠੇ ਸ਼ਾਨੋ ਸ਼ੌਕਤ ਪਿੱਛੇ ਭੱਜੋਗੇ ਓਨੀ ਚਿੰਤਾ ਵਧੇਗੀ। ਪੈਸੇ ਦੀ ਚਿੰਤਾ, ਮਹਿੰਗੇ ਕੱਪੜੇ ਅਤੇ ਵੱਡੀ ਗੱਡੀ ਦੀ ਚਿੰਤਾ। ਇਸਨੂੰ ਤਿਆਗ ਦੇਵੋ। ਵੱਡੇ ਘਰ ਅਤੇ ਫਿਰ ਉਸ ਵਿਚ ਮਹਿੰਗੇ ਸਾਜ਼ੋ ਸਾਮਾਨ ਦੀ ਚਿੰਤਾ, ਜਿਸ ਘਰ ਵਿਚ ਹਰ ਵੇਲੇ ਸਜਾਵਟ ਦੀ ਚਿੰਤਾ ਹੋਵੇਗੀ, ਉਹ ਘਰ ਹੀ ਚਿੰਤਾਵਾਂ ਦਾ ਗੜ੍ਹ ਹੋਵੇਗਾ। ਜਿੰਨਾ ਬੰਦਾ ਵਧੇਰੇ ਵਿਖਾਵਾ ਕਰੇਗਾ ਓਨਾ ਹਲਕਾ ਹੋਵੇਗਾ। ਜ਼ਿੰਦਗੀ ਜਿਓ, ਖ਼ੁਸ਼ ਰਹਿ ਕੇ ਜਿਓ। ਖ਼ੁਸ਼ੀ ਵਰਗੀ ਅਤੇ ਹਾਸੇ ਵਰਗੀ ਕੋਈ ਦਵਾਈ ਨਹੀਂ। ਇਸ ਕਰਕੇ ਇਸ ਨੂੰ ਲਵੋ। ਚਿੰਤਾ ਕਿਸੇ ਸਮੱਸਿਆ ਦਾ ਹੱਲ ਨਹੀਂ। ਇਸੇ ਕਰਕੇ ਸਿਆਣੇ ਕਹਿ ਗਏ ਹਨ 'ਚਿੰਤਾ ਚਿਖਾ ਬਰਾਬਰ ਹੈ।'

- ਪ੍ਰਭਜੋਤ ਕੌਰ ਢਿੱਲੋਂ



**ਬੰਦੇ ਹੋਰ ਨੇੜੇ ਆ ਗਏ, ਉਹ ਫੇਰ ਵੀ ਨਾ ਪਛਾਣ ਸਕਿਆ। ਜਦੋਂ ਉਹ ਚਾਰ ਕਰਮਾਂ ਦੀ ਵਿੱਥ 'ਤੇ ਰਹਿ ਗਏ, ਤਾਂ ਕਿਤੇ ਜਾ ਕੇ ਸੰਤੋਖ ਢਿੱਲੋਂ ਕੇ ਸੀਰੀ ਦੀ ਪਛਾਣ ਆਈ। ਉਸ ਸਿਰ ਉਤੇ ਵੱਡਾ ਸਾਰਾ ਬਿਸਤਰਾ ਚੁੱਕਿਆ ਹੋਇਆ ਸੀ, ਪਰ ਨਾਲਦਿਆਂ ਨੂੰ ਉਹਨੇ ਅਜੇ ਵੀ ਨਹੀਂ ਪਛਾਣਿਆ।**

# ਬਿਗਾਨਾ ਪਿੰਡ

ਸੱਥ ਵਿਚੋਂ ਦੋ ਨਿਆਣੇ ਗੁੱਲੀ-ਡੰਡਾ ਚੁੱਕੀ ਜਾਂਦੇ ਵੇਖ ਕੇ ਤਾਏ ਨੇ ਉਨ੍ਹਾਂ ਨੂੰ ਸੈਨਤ ਮਾਰੀ।

ਉਨ੍ਹਾਂ ਵਿਚੋਂ ਇਕ ਮੂੰਹ ਵਿਚ ਉਂਗਲ ਲੈ ਕੇ ਸੰਗਦਾ ਸੰਗਦਾ ਤਾਏ ਦੇ ਨੇੜੇ ਆ ਗਿਆ, ਪਰ ਦੂਜਾ ਝੱਗੇ ਹੇਠ ਗੁੱਲੀ ਲੁਕਾ ਕੇ ਅਗਾਂਹ ਨੱਸ ਗਿਆ।

ਔਹ ਕਹਿੰਦਾ ਸੀ ਕੁਸ਼ ਉਇ ? ਕੋਲ ਆਏ ਮੁੰਡੇ ਦੀ ਬਾਂਹ ਫੜ ਕੇ ਤਾਏ ਨੇ ਪੁੱਛਿਆ।

ਉਹ, ਉਹ ਮਾਘੇ ਕਾ।

ਮਾਘੇ ਕਾ ਕੀ ਉਇ ?

ਮਾਘੇ ਕਾਣੇ ਦਾ ਭਤੀਜਾ।

ਘੱਗੇ ਢੀਂਡੂ ਦਾ ਮੁੰਡਾ ?

ਮੁੰਡੇ ਨੇ ਹਾਂ ਵਿਚ ਸਿਰ ਹਲਾ ਦਿੱਤਾ।

ਤਾਇਆ ਆਪਣੀਆਂ ਸੰਘਣੀਆਂ ਮੁੱਛਾਂ ਵਿਚੋਂ ਮੁਸਕਰਾਇਆ ਤੇ ਮੂੰਹ ਮੁੰਡੇ ਦੇ ਹੋਰ ਨੇੜੇ ਕਰ ਕੇ ਹੌਲੀ ਜਿਹੀ ਬੋਲਿਆ, ਤੇ ਤੂੰ ਸੰਤੇ ਬੁਝੜ ਦੈਂ ਨਾ ? ਤੇਰੇ ਬਾਬੇ ਦਾ ਨਾਂ ਤੈਨੂੰ ਪਤੈ ?

ਮੁੰਡੇ ਨੇ ਜੀਭ ਬਾਹਰ ਕੱਢ ਕੇ ਤਾਏ ਤੋਂ ਬਾਂਹ ਛੁਡਾਂਦਿਆਂ ਸੰਗ ਕੇ ਮੂੰਹ ਪਾਸੇ ਕਰ ਲਿਆ।

ਦਾਦੀ ਦਿਆ ਖਸਮਾ, ਆਵਦੇ ਬਾਬੇ ਦਾ ਨਾਂ ਨਹੀਂ ਪਤਾ ? ਦੱਸ ਕਿਸੂ ਮੁਖਤਿਆਰ ਐ ਕਿ ਫਿੱਡੂ ਰਾਂਝਾ ?

ਤਾਇਆ ਉਚੀ ਸਾਰੀ ਹੱਸਿਆ, ਪਰ ਮੁੰਡਾ ਮੂੰਹ ਵਿਚ ਉਂਗਲ ਪਾਈ, ਗਲੀ ਦੇ ਅਗਲੇ ਸਿਰੇ 'ਤੇ ਸਹਿਮੇ ਖੜੋਤੇ, ਆਪਣੇ ਗੁੱਲੀ ਵਾਲੇ ਬੇਲੀ ਵੱਲ ਝਾਕਦਾ, ਬਾਂਹ ਛੁਡਾਉਣ ਦਾ ਯਤਨ ਕਰਦਾ ਰਿਹਾ।

ਚੰਗਾ ਚੱਲ ਏਹੋ ਦੱਸ ਬਈ ਪੁੱਤ ਕੀਹਦੈਂ ?

ਲਾਲੂ ਦਾ। ਮੁੰਡੇ ਨੇ ਛੇਤੀ ਦੇਣੀ ਜੁਆਬ ਦਿੱਤਾ।

ਗੁਰਮੁਖ ਕੇ ਲਾਲੂ ਦਾ ?

ਹੂੰ !

ਲਗਦਾ 'ਹੂੰ' ਦਾ ! ਨਾਨੀ ਦਿਆ ਯਾਰਾ, ਨਾ ਬਾਬਾ, ਨਾ ਤਾਇਆ, 'ਹੂੰ' ਇਹ ਕੀਹਨੇ ਮੱਤ ਦਿੱਤੀ ਐ ਉਇ ਤੈਨੂੰ ?

ਮੁੰਡੇ ਦਾ ਸੰਗ ਤੇ ਸਹਿਮ ਨਾਲ ਮੂੰਹ ਲਾਲ ਹੋ ਗਿਆ। ਤਾਏ ਦਾ ਭਾਰਾ ਚਿਹਰਾ ਵੀ ਭਖ ਗਿਆ। ਉਸ ਰਤਾ ਖਰ੍ਹਵੀਂ ਆਵਾਜ਼ ਵਿਚ ਪੁੱਛਿਆ, ਮੈਂ ਤੇਰਾ ਕੀ ਲਗਦੈਂ ਭਲਾ ?

ਮੁੰਡਾ ਗੁੰਮ-ਸੁੰਮ ਖੜੋਤਾ ਰਿਹਾ।

ਓਇ ਕੁਸ਼ ਤਾਂ ਬੋਲ ਨਾਨਕਿਆਂ ਦਿਆ ਜੰਮਿਆਂ ?

ਓਵੇਂ ਸਹਿਮੇ ਹੋਏ ਮੁੰਡੇ ਦੇ ਮੂੰਹੋਂ 'ਤਾਇਆ' ਨਿਕਲ ਗਿਆ।

ਦੁਰ ਫਿਟੇ ਮੂੰਹ ਤੇਰੇ ਜੰਮਣ ਦੇ। ਮੈਂ ਤੇਰੇ ਪਿਉ ਦਾ ਵੀ ਤਾਇਆ ਤੇ ਤੇਰਾ ਵੀ ਤਾਇਆ ?

ਇਹ ਸਕੀਰੀ ਕਿਧਰੋਂ ਭਾਲੀ ਐ ਉਇ ਤੈਂ ? ਘਰੇ ਤੇਰੀ ਕੋਈ ਦਾਦੀ, ਬੇਬੇ ਵੀ ਹੈ ਮੱਤ ਦੇਣ ਵਾਲੀ ਕਿ ਜੰਮ ਕੇ ਭੂੰਡਾਂ ਦੀਆਂ ਗਰੋਲੀਆਂ ਆਂਗੂੰ ਰੋੜ੍ਹ ਈ ਛੱਡੇ ਓ ?

ਤਾਏ ਨੇ ਬਾਂਹ ਛੱਡ ਕੇ ਉਹਦੇ ਘੋਨੇ ਸਿਰ 'ਤੇ ਪੋਲੀ ਜਿਹੀ ਚੁਪੇੜ ਮਾਰੀ। ਮੁੰਡਾ ਬਾਂਹ ਛੁੱਟਦਿਆਂ ਈ ਸ਼ੂਟ ਵੱਟ ਕੇ ਆਪਣੇ ਬੇਲੀ ਨਾਲ ਜਾ ਰਲਿਆ। ਉਥੋਂ ਉਹ ਦੋਏਂ ਪਿਛਾਂਹ ਮੁੜ ਮੁੜ ਝਾਕਦੇ ਛੱਪੜ ਵੱਲ ਭੱਜ ਗਏ। ਤਾਏ ਨੇ ਇਕ ਵਾਰੀ ਉਨ੍ਹਾਂ ਵੱਲ ਵੇਖਿਆ ਤੇ ਗੰਭੀਰ ਹੋ ਕੇ ਆਪਣੇ ਖੂੰਡੇ ਨੂੰ ਪਲੋਸਣ ਲੱਗ ਪਿਆ।

ਤਕੜਾ ਦਿਨ ਚੜ੍ਹ ਗਿਆ ਸੀ, ਪਰ ਅਜੇ ਤਾਈਂ ਤਾਏ ਦਾ ਕੋਈ ਸੱਥ ਵਾਲਾ ਬੇਲੀ ਨਹੀਂ ਸੀ ਆਇਆ। ਚਿੱਤ ਕਾਹਲਾ ਪੈਣ ਲੱਗ ਪਿਆ। ਗਲੀ ਵਿਚ ਵੀ ਸੁੰਨ-ਸਰਾਂ ਈ ਲਗਦੀ ਸੀ। ਭੁੱਲਰਾਂ ਦੇ ਘਰੋਂ, ਇਕ ਬਹੂ ਗੋਹੇ ਦਾ ਟੋਕਰਾ ਲੈ ਕੇ ਬਾਹਰ ਨਿਕਲੀ ਸੀ, ਉਸ ਪਿੱਛੋਂ ਕੋਈ ਨਹੀਂ ਸੀ ਦਿਸਿਆ।

ਕੀ ਹੁੰਦਾ ਜਾਂਦੈ ਜਮਾਨੇ ਨੂੰ, ਤਾਇਆ ਆਪ ਮੁਹਾਰਾ ਈ ਬੋਲ ਪਿਆ। ਤੇ ਉਸ ਇਕ ਵਾਰ ਮੁੜ ਆਸੇ ਪਾਸੇ ਨਿਗ੍ਹਾ ਮਾਰੀ। ਰਾਮਾ ਵੀ ਪਤਾ ਨਹੀਂ ਮਰ ਗਿਆ ਕਿ ਜਿਉਂਦੈ। ਪੁੱਛੋ ਤਾਂ ਆਖੂ, 'ਬਹੂਆਂ ਸਦੇਹਾਂ ਚਾਹ ਨ੍ਹੀਂ ਕਰ ਕੇ ਦਿੰਦੀਆਂ।' ਭਲਾ ਪੁੱਛਣ ਆਲਾ ਹੋਵੇ, ਐਹੋ ਜੀਆਂ ਬਹੂਆਂ ਨੂੰ ਫਾਹੇ ਦੇਣੈਂ ! ਇਨ੍ਹਾਂ ਨੂੰ ਸਹੇੜ ਕੇ ਕਿਉਂ ਲਿਆਂਦਾ ਸੀ ? ਏਦੂੰ ਤਾਂਤ।

ਪਰ ਕੋਈ ਮੰਦਾ ਬੋਲ ਬੋਲਣੋਂ ਰੁਕ ਕੇ, ਤਾਇਆ ਖੂੰਡੇ ਦਾ ਆਸਰਾ ਲੈਂਦਿਆਂ ਉਠ ਖਲੋਤਾ।

ਇੰਦਰ ਕਾਰੀਗਰ ਦੇ ਕਾਰਖਾਨੇ ਵੱਲ ਤੁਰਦਿਆਂ ਫੇਰ ਆਪ ਮੁਹਾਰਾ ਬੋਲਣ ਲੱਗ ਪਿਆ,

ਅੱਗੇ ਦਿਨ ਚੜ੍ਹਦੇ ਨਾਲ ਬੁੜ੍ਹਿਆਂ-ਠੇਰਿਆਂ ਨੇ ਸੱਥ ਵਿਚ ਆ ਬੈਠਣਾ, ਘਰੇ ਨੂੰਹਾਂ ਧੀਆਂ ਨੇ ਸੌ ਕੰਮ ਕਰਨੇ ਹੋਣੇ, ਬੁੜ੍ਹਿਆਂ ਤੋਂ ਪੱਲੇ ਕਰਦੀਆਂ ਫਿਰਨ ਕਿ ਗੋਹਾ-ਕੂੜਾ ਨਬੇੜਨ। ਨਾਲੇ ਬੰਦੇ ਦਾ ਬੁੜ੍ਹੀਆਂ ਕੋਲੇ ਕੰਮ ਕੀ। ਪਰ ਹੁਣ ਗੁਰਮੁਖ ਅਰਗੇ ਵੀ ਠਰਕੇ ਫਿਰਦੇ, ਅਖੇ ਬਹੂਆਂ ਨੂੰ ਘੁੰਡ ਕੱਢਣ ਦੀ ਜ਼ਰੂਰਤ ਹੀ ਕਿਆ ਐ ? ਆਹੋ ! ਨੂੰਹ ਸਹੁਰੇ ਦੀ ਸਾਲੀ, ਬਾਬਾ ਪੋਤੀਆਂ ਦਾ ਮਾਸੜ ! ਜੇ ਸੰਗ-ਛਰਮ ਈ ਨਾ ਰਹੀ ਤਾਂ ਬੰਦੇ ਵਿਚ ਤੇ ਪਸ਼ੂ ਵਿਚ ਫਰਕ ਕੀ ਹੋਇਆ ।

ਓਇ ਕੀਹਦੇ ਨਾਲ ਸੁਖਮਨੀ ਦੇ ਅਰਥ ਕਰਦਾ ਆਉਂਦੈਂ ਬਈ ? ਇੰਦਰ ਨੇ ਬੱਠਲ ਵਿਚ ਅੱਗ 'ਤੇ ਸੁੱਕੇ ਸੱਕ ਸੁੱਟਦਿਆਂ, ਦੂਰੋਂ ਈ ਉਹਦਾ ਸੁਆਗਤ ਕੀਤਾ।

ਅਰਥ ਕੀਹਦੇ ਨਾਲ ਕਰਨੇ ਐਂ ਇੰਦਰ ਸਿਆਂ, ਆਵਦੇ ਈ ਰੋਣੇ ਰੋਨੇ ਐਂ। ਖੂੰਡੇ ਦੇ ਆਸਰੇ ਆਪਣੇ ਭਾਰੇ ਸਰੀਰ ਨੂੰ ਬੋਚਦਾ ਉਹ ਇੰਦਰ ਦੇ ਸਾਹਮਣੇ ਮੁੱਢੀ 'ਤੇ ਜਾ ਬੈਠਾ। ਧੁਖਦੇ ਸੱਕਾਂ ਦੇ ਨਿੱਘੇ ਧੂੰਏਂ ਵਿਚ ਹੱਥ ਪਾਉਂਦਿਆਂ ਉਹ ਫੇਰ ਆਪ ਮੁਹਾਰਾ ਈ ਬੋਲਣ ਲੱਗ ਪਿਆ, ਇੰਦਰ ਸਿਆਂ, ਤੂੰ ਤਾਂ ਗਿਆਨ-ਬਾਨ ਪੁਰਸ਼ ਐਂ, ਇਹ ਦੁਨੀਆਂ ਨੂੰ ਹੁੰਦਾ ਕੀ ਜਾਂਦੈ ? ਮੈਂ ਤੜਕੇ ਦਾ ਸੱਥ ਵਿਚ ਆ ਕੇ ਬੈਠਾਂ, ਕੋਈ ਚਿੜੀ ਨ੍ਹੀਂ ਫੜਕੀ ! ਖਬਰੇ ਘਰੀਂ ਬੈਠੇ ਲੋਕ ਕੀ ਗੀਤਾ ਦਾ ਪਾਠ ਕਰਦੇ ਐ ? ਅੱਗੇ ਟਿੱਕੀ ਚੜ੍ਹਦੀ ਨਾਲ ਮਾਰ ਰੌਣਕਾਂ ਲੱਗ ਜਾਣੀਆਂ। ਬੁੜ੍ਹਿਆਂ-ਠੇਰਿਆਂ ਨੇ, ਮੁੰਡਿਆਂ-ਖੁੰਡਿਆਂ ਨੂੰ ਮਖੌਲ ਕਰਨੇ। ਹੁਣ ਅੱਬਲ ਤਾਂ ਕੋਈ ਆਪ ਈ ਕੁਸ ਨ੍ਹੀਂ ਕਹਿੰਦਾ, ਜੇ ਕਹਿ ਬੈਠੇ ਤਾਂ ਉਧੜ ਕੇ ਅੱਗੋਂ ਗਲ ਪੈ ਜਾਣਗੇ। ਭਲਿਓ ਬੰਦਿਓ ! ਇਹ ਤਾਂ ਸੋਚੋ ਬਈ ਜੇ ਪਿੰਡ ਵਿਚ ਐਨਾ ਈ ਸਹਿਚਾਰ ਨਾ ਰਿਹਾ ਤਾਂ ਫੇਰ ਇਥੇ ਰਹਿ ਕੇ ਕੀ ਕਰਨੈਂ, ਬਾਹਰ ਖੇਤੀਂ ਨਾ ਜਾ ਕੇ ਛੱਪਰ ਪਾ ਲਾਂਗੇ ? ਹੈਂ ਬਈ ਇੰਦਰ ਸਿਆਂ ?

ਪਾਈ ਤਾਂ ਜਾਂਦੇ ਐ। ਹੁਣ ਤੇਰੇ ਸਾਹਮਣੇ ਤੁੱਲ੍ਹੀ ਕਿਆਂ ਨੇ, ਅਰਜਣ ਕਿਆਂ ਨੇ, ਤੋਤੂ ਨਮੋਲੀਏ ਨੇ, ਸਾਰਿਆਂ ਨੇ ਖੇਤੀਂ ਜਾ ਕੋਠੇ ਪਾਏ। ਜਦੋਂ ਪੁੱਛੀਏ ਕਿਮੇ ਓਂ, ਆਖਣਗੇ, 'ਵੀਹ ਐਂ ਭਰਾਵੋ, ਸਿਆਪੇ 'ਚੋਂ ਨਿਕਲੇ !' ਲੈ, ਪਿੰਡ ਨੂੰ 'ਸਿਆਪਾ' ਈ ਦਸਦੇ ਐ !

ਤਾਏ ਨੇ ਗਹੁ ਨਾਲ ਇੰਦਰ ਦੇ ਮੂੰਹ ਵੱਲ ਦੇਖਿਆ ਤੇ ਉਹਦੇ ਮੱਥੇ ਦੀਆਂ ਭਾਰੀਆਂ ਤਿਉੜੀਆਂ ਸੰਘਣੀਆਂ ਹੋ ਗਈਆਂ।

ਦੁਰ ਫ਼ਿਟੇ ਮੂੰਹ !' ਘਿਰਣਾ ਨਾਲ ਤਾਏ ਨੇ ਬੱਠਲ ਵਿਚੋਂ ਧੁਖਦਾ ਸੱਕ ਚੁੱਕ ਕੇ, ਉਸ ਨਾਲੋਂ ਮੱਚਿਆ ਹਿੱਸਾ ਝਾੜਿਆ ਤੇ ਆਪਣੇ ਪਾਸੀਂ ਖਿਲਰੇ ਇੰਦਰ ਦੇ ਤਿੱਖੇ ਸੰਦਾਂ ਵੱਲ ਝਾਕ ਕੇ ਖਰ੍ਹਵੀਂ ਅਵਾਜ਼ ਨਾਲ ਬੋਲਿਆ, ਇੰਦਰ ਸਿਆਂ ਕਦੇ ਕਦੇ ਤਾਂ ਐਂ ਜੀਅ ਕਰਦੈ, ਬਈ ਆਹ ਜਿਹੜੇ ਅੱਜਕੱਲ੍ਹ ਦੇ ਮੁੰਡੇ-ਬਹੂਆਂ ਫੂੰ-ਫੂੰ ਕਰਦੇ ਫਿਰਦੇ ਐ ਨਾ, ਇਨ੍ਹਾਂ ਦੀਆਂ ਫੜ ਕੇ ਕੁਹਾੜੇ ਨਾਲ ਲੱਤਾਂ ਛਾਂਗ ਦਿਆਂ, ਤੇ। ਮੁੰਡੇ-ਬਹੂਆਂ ਤੈਥੋਂ ਲੱਤਾਂ ਛੰਗੌਣਗੇ ਕਿ ਆਪਣੀਆਂ ਛਾਂਗਣਗੇ ? ਇੰਦਰ ਆਪਣੀ ਖੋਦੀ, ਕਰੜ-ਬਰੜੀ ਦਾੜ੍ਹੀ 'ਤੇ ਹੱਥ ਫੇਰਦਿਆਂ ਬੋਲਿਆ, ਅਸਲ ਵਿਚ ਬਾਈ ਸਮੇਂ ਦੀ ਗੱਲ ਹੁੰਦੀ ਐ, ਜਿਹੋ ਜੀ ਵਾ, ਓਹੋ ਜਿਆ ਓਹਲਾ। ਤੇਰੇ ਮੇਰੇ ਅਰਗਿਆਂ ਦੇ ਹੁਣ ਜ਼ਮਾਨੇ ਈ ਨ੍ਹੀਂ ਰਹੇ।

ਛੱਡ ਜਾਰ, ਕੀ ਗੱਲਾਂ ਕਰਦੈਂ, ਮੈਂ ਤਾਂ ਦੋਹਾਂ ਨੂੰ ਆਖਿਆ ਵਿਐ, ਬਈ ਜੇ ਤਾਂ ਬੰਦੇ ਬਣ ਕੇ ਚਲੋਗੇ ਤਾਂ ਸਭ ਕੁਝ ਥੋਡਾ। ਜੇ ਬਹੁਤੀ ਚੀਂ-ਵੀਂ ਕੀਤੀ ਤਾਂ ਸਾਲਿਓ, ਸਾਰੀ ਜ਼ਮੀਨ ਕੁੜੀਆਂ ਦੇ ਨਾਂ ਲੁਆ ਦੂੰ, ਤੁਰੇ ਫਿਰਿਓ ਡੰਡੇ ਵਜੌਂਦੇ ! ਵੇਖ ਲੈ ਕੰਨ ਵਿਚ ਪਾਏ ਨ੍ਹੀਂ ਰੜਕਦੇ। ਉਹ ਛੋਟੀ ਬਹੂ ਮਾੜਾ ਜਿਹਾ ਉਚੀ-ਨੀਵੀਂ ਹੋਣ ਲੱਗੀ ਸੀ, ਮੈਂ ਇਕ ਦਿਨ ਵਿਹੜੇ ਵਿਚ ਖੂੰਡਾ ਖੜਕਾ ਕੇ ਐਸੀ ਦਬਕਾਈ, ਉਦੂੰ ਪਿਛੋਂ ਚਾਹ ਪਾਣੀ ਨੂੰ ਦਿਨ ਨ੍ਹੀਂ ਚੜ੍ਹਨ ਦਿੰਦੀ। ਆਪੇ ਪਾਣੀ ਤੱਤਾ ਕਰ ਕੇ ਧਰ ਜੂ, ਆਪੇ।

ਤੂੰ ਤਾਂ ਹੋਇਆ ਕਰਮਾਂ ਆਲਾ ਜੀ ! ਇੰਦਰ ਨੇ ਤਾਏ ਦੀ ਵਡਿਆਈ ਕਰਦਿਆਂ ਕਿਹਾ, ਤੇਰੀ ਕੋਈ ਰੀਸ ਐ। ਨਾਲੇ ਜਦੋਂ ਵਾਹਿਗੁਰੂ ਨੇ ਉਲਾਦ ਸਲੱਗ ਦਿੱਤੀ ਹੋਵੇ ਤਾਂ ਸਭ ਕੁਝ ਆਪੇ ਰਾਸ ਆ ਜਾਂਦੈ।

ਉਇ ਨਹੀਂ ਇੰਦਰ ਸਿਆਂ, ਬੰਦੇ ਵਿਚ ਆਵਦੇ ਵਿਚ ਸਾਹ-ਸਤ ਚਾਹੀਦੈ, ਬਾਕੀ ਸਭ ਗੱਲਾਂ ਆਪੇ ਰਾਸ ਆ ਜਾਂਦੀਐਂ। ਜਦੋਂ ਆਪ ਈ ਲੋਕਾਂ ਦਾ ਅਮਾਨ ਹੱਲਿਆ ਫਿਰਦੈ, ਤਾਂ ਉਲਾਦ ਕੀ ਕਰੂ ? ਅਹੁ ਰਾਮੂ ਨੇ ਨੂੰਹ ਕੀ ਸਹੇੜ ਲਿਆਂਦੀ ਐ, ਸਾਰਾ ਦਿਨ ਉਸੇ ਦੀਆਂ ਗੱਲਾਂ ਈ ਕਰੀ ਜਾਊ, ਹਮਰੀ ਬਹੂ ਘੁੰਡ ਨ੍ਹੀਂ ਕਡਤੀ, ਉਹ ਦਸ ਜਮਾਤਾਂ ਪੜ੍ਹੀ ਹੋਈ ਐ। ਮੁੰਡਾ ਕਿਤੇ ਬਾਹਰ ਫਿਰਦੈ, ਆਪ ਉਹਨੂੰ ਸਾਲਾ ਇਥੇ ਰੱਖੀ ਬੈਠੈ। ਬਈ ਕੰਜਰ ਦਿਆ ਕੰਜਰਾ, ਇਹਦਾ ਇੱਥੇ ਕੀ ਕੰਮ ? ਹੁਣ ਦੱਸ, ਦੁਨੀਆਂ ਦਾ ਕੋਈ ਹਾਲ ਐ।ਹੈ ਬੇੜਾ ਗਰਕਣ 'ਤੇ ਆਇਆ ਕਿ ਨਹੀਂ ?

ਇੰਦਰ ਵੀ ਗੰਭੀਰ ਹੋ ਗਿਆ ਸੀ। ਤਾਏ ਨੇ ਕੋਈ ਹੋਰ ਕਥਾ ਛੇੜ ਲਈ, ਪਰ ਪਰਤਾਪੇ ਕਾ ਸੀਰੀ ਤਾਪਾ ਕਹੀ ਤਲਪੌਣ ਆ ਗਿਆ। ਇੰਦਰ ਨੇ ਕਹੀ ਫੜ ਕੇ ਪਾਸੇ ਰੱਖਦਿਆਂ ਕਹਿ ਦਿੱਤਾ, ਬਿੰਦ ਕੁ ਨੂੰ ਲੈ ਜੀਂ, ਅਜੇ ਬਾਈ ਨਾਲ ਗਿਆਨ ਗੋਸ਼ਟ ਕਰਦੇ ਐਂ।

ਤੂੰ ਭਰਾਵਾ ਗਿਆਨ ਗੋਸ਼ਟਾਂ ਫੇਰ ਕਰ ਲੀਂ, ਮੈਂ ਤਾਂ ਜੇ ਬਿੰਦ ਕੁ ਨਾ ਗਿਆ, ਮੇਰੀ ਤਾਂ ਪਰਤਾਪੇ ਦਾ ਸਜ਼ਾਦਾ ਸੰਘੀ ਘੁਟ ਦੂ।

ਤੈਥੋਂ ਕੁਝ ਨ੍ਹੀਂ ਸਰੂ ਓਇ ਕਜਾਤੇ। ਤਾਏ ਨੇ ਉਸ ਵੱਲ ਹਿਰਖ ਕੇ ਵਿੰਹਦਿਆਂ ਕਿਹਾ।

ਤਾਇਆ, ਘੁੱਗੀ ਕੀ ਜਾਣੇ ਸਤਗੁਰ ਕੀਆਂ ਬਾਤਾਂ। ਤਾਪੇ ਨੇ ਪੈਰਾਂ ਭਾਰ ਬੱਠਲ ਦੇ ਨੇੜੇ ਹੋ ਕੇ ਬਹਿੰਦਿਆਂ ਕਿਹਾ, ਤੂੰ ਤਾਂ ਘਰੋਂ 'ਬੇਦਖਲ' ਹੋਇਆ ਫਿਰਦੈਂ। ਪਰਤਾਪੇ ਕੇ ਮੁੰਡੇ ਤਾਂ ਹੁਣੇ ਐਡੇ ਚੱਕਮੇਂ ਹੋਏ ਫ਼ਿਰਦੇ ਐ, ਅਖੇ ਅਸਮਾਨ ਸਾਡਾ ਈ ਖੜ੍ਹਾਇਆ ਖੜ੍ਹੈ। ਪਰਤਾਪੇ ਵੇਲੇ ਤਾਂ ਕਦੇ ਟੁੱਕ ਦਾ ਭੋਰਾ ਵੀ ਮਿਲ ਜਾਂਦਾ ਸੀ, ਹੁਣ ਤਾਂ ਆਖਣਗੇ, ਚਾਹ ਵੀ ਘਰੋਂ ਕਰ ਕੇ ਲਿਆਇਆ ਕਰੋ। ਆਹ ਵੇਖ, ਦੁੱਧ ਦਾ ਪਊਆ, ਚਾਹ ਤੇ ਗੁੜ ਦੀ ਡਲੀ ਨਾਲ ਲੈ ਕੇ ਚੱਲਿਐਂ। ਡੱਬਾ ਖੇਤ ਰੱਖ ਛੱਡਿਐ। ਜਦੋਂ ਤਲਬ ਹੋਈ, ਆਪੇ ਕਰ ਕੇ ਪੀਊਂ, ਕੋਈ ਬਾਤ ਨ੍ਹੀਂ ਪੁੱਛਦਾ।

ਜਦੋਂ ਤਾਪੇ ਨੇ ਆਪਣੇ ਮੂਕੇ ਦੇ ਪਿਛਲੇ ਲੜ ਨਾਲ ਬੰਨ੍ਹਿਆਂ ਨਿੱਕ-ਸੁੱਕ ਵਿਖਾਇਆ ਤਾਂ ਤਾਇਆ ਸੱਚੀਂ ਹੈਰਾਨ ਹੋਇਆ, ਪਰ ਇੰਦਰ ਨੂੰ ਕੋਈ ਹੈਰਾਨੀ ਨਾ ਹੋਈ। ਉਸ ਆਪਣੀ ਗੱਲ ਦੁਹਰਾਂਦਿਆਂ ਕਿਹਾ, ਚੰਗਾ ਤੂੰ ਅਜੇ ਘਰੇ ਗੇੜਾ ਮਾਰਿਆ, ਫੇਰ ਮੁੜਦਾ ਲੈ ਜੀਂ। ਅਜੇ ਤਾਂ ਜਾਰ ਹੱਡ ਈ ਨਹੀਂ ਜੁੜੇ, ਠੰਢ ਤਾਂ ਵੇਖ ਉਤੋਂ ਕਿੰਨੀ ਪੈਂਦੀ ਐ।

ਆਹੋ ਚਾਚਾ, ਤੈਨੂੰ ਠੰਢ ਤਾਂ ਲੱਗੂ ਈ !

ਤਾਪਾ ਉਠ ਕੇ ਖੜ੍ਹਾ ਹੁੰਦਿਆਂ ਕੁਝ ਵਿਅੰਗ ਨਾਲ ਬੋਲਿਆ, ਆਵਦੇ ਅੱਡੇ 'ਤੇ ਬੈਠੈਂ, ਕਿਸੇ ਸਾਲੇ ਦੀ ਮੀਨਮੇਖ ਨਹੀਂ, ਜੋ ਆਖੋਂ ਸੱਤ ਐ, ਚੰਗਾ ਫੇਰ ਮੈਂ ਹੁਣੇ ਆਉਨੈਲੈ, ਚਾਚਾ ਬਣ ਕੇ ਕਰਾਦੀਂ ਹੁਣੇ, ਚੰਗਾ ?

ਤਾਇਆ ਭੋਲਾ ਤਾਪੇ ਦੀ ਗੱਲ ਸੁਣ ਕੇ ਉਂਜ ਈ ਗੁੰਮ ਹੋ ਗਿਆ ਸੀ। ਅਚਾਨਕ ਉਹਨੂੰ ਜਾਪਿਆ ਜਿਵੇਂ ਉਹ ਕਿਸੇ ਹੋਰ ਪਿੰਡੋਂ ਆ ਕੇ ਵਸਿਆ ਹੋਵੇ। ਇੰਝ ਸੀਰੀ ਬੋਤਲਾਂ ਵਿਚ ਦੁੱਧ ਪਾਈ, ਚਾਹ ਦੀਆਂ ਪੁੜੀਆਂ, ਗੁੜ ਪੱਲੇ ਬੰਨ੍ਹੀ, ਉਸ 'ਆਪਣੇ ਪਿੰਡ' ਤਾਂ ਕਦੀ ਨਹੀਂ ਸਨ ਵੇਖੇ। ਉਨ੍ਹਾਂ ਦੇ ਸੀਰੀ ਨੂੰ ਤਾਂ ਹੁਣ ਵੀ ਮੁੰਡਿਆਂ ਦੇ ਨਾਲ ਦੀ ਚਾਹ ਮਿਲਦੀ ਸੀ; ਨਾਲ ਦੀ ਰੋਟੀ ਮਿਲਦੀ ਸੀ; ਉਹ ਆਪ ਸਾਰੀ ਉਮਰ ਇਵੇਂ ਕਰਦਾ ਰਿਹਾ ਸੀ ।ਚੰਗਾ ਬਈ ਇੰਦਰ ਸਿਆਂ, ਮੈਂ ਵੀ ਚਲਦੈਂ। ਤਾਏ ਨੇ ਉਠਦਿਆਂ ਕਿਹਾ।

ਇੰਦਰ ਨੇ ਦੋ ਤਿੰਨ ਵਾਰ ਉਹਨੂੰ ਬੈਠਣ ਲਈ ਕਿਹਾ, ਪਰ ਤਾਇਆ ਲੰਮਾ ਹਉਕਾ ਭਰ ਕੇ ਵਾਖਰੂ, ਵਾਖਰੂ, ਤੇਰੇ ਰੰਗ ਕਹਿੰਦਿਆਂ ਬਾਹਰ ਨਿਕਲ ਗਿਆ।ਗਲੀ ਵਿਚ ਆ ਕੇ ਉਹਨੇ ਚੜ੍ਹਦੇ ਵੇਖਿਆ ਤਾਂ ਕੁਝ ਬੰਦੇ ਤੁਰੇ ਆਉਂਦੇ ਦਿਸੇ। ਉਹ ਰੁਕ ਕੇ ਗਹੁ ਨਾਲ ਉਧਰ ਤਾੜਨ ਲੱਗ ਪਿਆ, ਪਰ ਕੋਈ ਪਛਾਣ ਨਹੀਂ ਆਈ। ਬੰਦੇ ਹੋਰ ਨੇੜੇ ਆ ਗਏ, ਉਹ ਫੇਰ ਵੀ ਨਾ ਪਛਾਣ ਸਕਿਆ। ਜਦੋਂ ਉਹ ਚਾਰ ਕਰਮਾਂ ਦੀ ਵਿੱਥ 'ਤੇ ਰਹਿ ਗਏ, ਤਾਂ ਕਿਤੇ ਜਾ ਕੇ ਸੰਤੋਖ ਢਿੱਲੋਂ ਕੇ ਸੀਰੀ ਦੀ ਪਛਾਣ ਆਈ। ਉਸ ਸਿਰ ਉਤੇ ਵੱਡਾ ਸਾਰਾ ਬਿਸਤਰਾ ਚੁੱਕਿਆ ਹੋਇਆ ਸੀ, ਪਰ ਨਾਲਦਿਆਂ ਨੂੰ ਉਹਨੇ ਅਜੇ ਵੀ ਨਹੀਂ ਪਛਾਣਿਆ।

ਤਾਇਆ ਸਤਿ ਸ੍ਰੀ ਅਕਾਲ ! ਤਕੜੈਂ ? ਸੀਰੀ ਦੇ ਮਗਰ ਆਉਂਦੇ ਗੋਰੇ ਨਛੋਹ ਗੱਭਰੂ ਨੇ ਮੁਸਕਰਾਂਦਿਆਂ ਕਿਹਾ ਤੇ ਕੁੱਛੜ ਚੁੱਕੇ ਮੁੰਡੇ ਦੇ ਦੋਏ ਹੱਥ ਉਤਾਂਹ ਕਰਦਾ ਬੋਲਿਆ, ਬਾਬਾ ਜੀ ਕੋ ਗੁੱਡ ਮਾਰਨਿੰਗ ਬੋਲੋ !

ਪਰ ਭੋਲਾ ਜਿਵੇਂ ਠਠੰਬਰ ਗਿਆ। ਉਹਨੂੰ ਏਨੀ ਕੁ ਗੱਲ ਸਮਝ ਆ ਗਈ ਕਿ ਉਹ ਸੰਤੋਖੇ ਢਿੱਲੋਂ ਦਾ ਮੁੰਡਾ ਹੋ ਸਕਦਾ ਸੀ ਜਿਹੜਾ ਹਵਾਈ ਜਹਾਜ਼ਾਂ ਵਾਲੀ ਫੌਜ ਵਿਚ ਨੌਕਰ ਸੀ, ਪਰ ਉਹਦੇ ਕੁੱਛੜ ਚੁੱਕਿਆ, ਰਬੜ ਦੇ ਬਾਵੇ ਵਰਗਾ, ਲਾਲ ਖੱਟੀ ਕੋਟੀ ਤੇ ਪਸ਼ਮ ਦੇ ਟੋਪੇ ਵਾਲਾ ਨਿਆਣਾ ਤੇ ਉਹਦੇ ਮਗਰ ਆਉਂਦੀ ਲੰਮੇ ਲਾਲ ਕੋਟ ਵਾਲੀ ਸ਼ਹਿਰਨ ਕੁੜੀ ਦੀ, ਉਹਨੂੰ ਕੋਈ ਸਮਝ ਨਹੀਂ ਸੀ ਆ ਰਹੀ ਕਿ ਉਹ ਕੌਣ ਸੀ। ਉਹਨੂੰ ਚੰਗੀ ਤਰ੍ਹਾਂ ਯਾਦ ਸੀ ਕਿ ਸੰਤੋਖੇ ਦਾ ਇਹ ਮੁੰਡਾ ਅਜੇ ਵਿਆਹਿਆ ਨਹੀਂ ਸੀ। ਕਿਹੜੈ ? ਭੋਲੇ ਨੇ ਸਤਿ ਸ੍ਰੀ ਅਕਾਲ ਦਾ ਜੁਆਬ ਦਿੱਤੇ ਬਿਨਾਂ, ਉਸ ਦੇ ਮੂੰਹ ਵੱਲ ਤਕਦਿਆਂ ਪੁੱਛਿਆ।

ਮੈਂ ਸੰਤੋਖੇ ਦਾ ਪੀਲੂ ਐਂ ਤਾਇਆ, ਪਛਾਣਿਆ ਨ੍ਹੀਂ ?

ਪਛਾਣ ਤਾਂ ਲਿਆ, ਪਰ ਹਾਅ ਕੀ ? ਹਰ ਸ਼ਬਦ ਹੈਰਾਨੀ ਨਾਲ ਤੇ ਲਮਕਾ ਕੇ ਬੋਲਦਿਆਂ ਭੋਲੇ ਨੇ ਕਿਹਾ, ਤੇ ਚੁੱਪ ਕਰ ਕੇ, ਅੱਧ ਨੰਗਾ ਸਿਰ ਕਰੀ, ਹੱਥ ਵਿਚ ਮਹਿੰ ਦੇ ਲੇਵੇ ਵਰਗਾ ਕਾਲਾ ਝੋਲਾ ਜਿਹਾ ਲਮਕਾਈ, ਬੋਤੇ ਦੇ ਪਿੱਛੇ-ਪਿੱਛੇ ਤੁਰੀ ਜਾਂਦੀ ਉਸ ਕੁੜੀ ਵੱਲ ਇਉਂ ਝਾਕਣ ਲੱਗ ਪਿਆ ਜਿਵੇਂ ਉਹਨੂੰ ਗੱਲ ਈ ਭੁੱਲ ਗਈ ਹੋਵੇ ਕਿ ਉਸ ਕੀ ਪੁੱਛਣਾ ਸੀ।

ਪਲਵਿੰਦਰ ਉਚੀ ਸਾਰੀ ਹੱਸ ਕੇ, ਕੁੱਛੜ ਚੁੱਕੇ ਮੁੰਡੇ ਨੂੰ ਉਤਾਂਹ ਉਗਾਸਦਿਆਂ ਬੋਲਿਆ, ਇਹ ਤਾਇਆ ਤੇਰੀ ਨੂੰਹ ਐਂ !

ਭੋਲੇ ਦੀ ਜਿਵੇਂ ਜੀਭ ਠਾਕੀ ਗਈ ਹੋਵੇ। ਉਹ ਆਪਣੀ ਇਸ 'ਨੂੰਹ' ਨੂੰ ਘੂਰਦਾ ਰਿਹਾ।


ਤੈਨੂੰ ਤਾਂ ਤਾਇਆ ਜਿਵੇਂ ਚੌਂਧੀ ਈ ਲੱਗ 'ਗੀ। ਤਾਏ ਦੇ ਮੋਢੇ ਉਤੇ ਹੱਥ ਰੱਖਦਿਆਂ, ਠਹਾਕਾ ਮਾਰ ਕੇ ਪਲਵਿੰਦਰ ਨੇ ਫੇਰ ਕਿਹਾ, ਤੂੰ ਖੂਹ ਦੇ ਡੱਡੂ ਆਂਗੂੰ ਸਾਰੀ ਉਮਰ ਤਸੀਲੋਂ ਅਗਾਂਹ ਨਹੀਂ ਟੱਪਿਆ, ਤਾਹੀਂ ਏਨਾ ਹੈਰਾਨ ਹੋਇਆ ਖੜ੍ਹੈਂ ਨਾ, ਦੁਨੀਆ ਤਾਂ ਤਾਇਆ ਚੰਦ 'ਤੇ ਅੱਪੜਗੀ !

ਭੋਲਾ ਕੁਝ ਨਹੀਂ ਬੋਲਿਆ। ਉਹ ਪਲਵਿੰਦਰ ਨੂੰ ਕੋਈ ਮੋਟੀ ਸਾਰੀ ਗਾਲ੍ਹ ਕੱਢਣੀ ਚਾਹੁੰਦਾ ਸੀ, ਪਰ ਸਾਰੇ ਸਰੀਰ ਵਿਚ ਜਿਵੇਂ ਸੱਤਿਆ ਈ ਨਹੀਂ ਸੀ। ਮੁੰਡੇ ਨੂੰ ਕੁੱਛੜ ਚੁੱਕੀ, ਉਹਨੂੰ ਮੁੜ-ਮੁੜ ਚੁੰਮਦਾ ਤੇ ਉਸ ਨਾਲ 'ਹੋਰ ਈ' ਬੋਲੀ ਵਿਚ ਗੱਲਾਂ ਕਰਦਾ ਪਲਵਿੰਦਰ ਤਾਏ ਨੂੰ ਦੁਪਹਿਰੇ ਮਿਲਣ ਦਾ ਇਕਰਾਰ ਕਰ ਕੇ ਜਦੋਂ ਬੋਤੇ ਦੇ ਮਗਰ ਤੁਰੀ ਜਾਂਦੀ ਆਪਣੀ ਵਹੁਟੀ ਨਾਲ ਜਾ ਰਲਿਆ ਤਾਂ ਤਾਇਆ ਉਥੋਂ ਈ ਫੇਰ ਪਿਛਾਂਹ ਮੁੜ ਪਿਆ।

ਇੰਦਰ ਵੀ ਅਛੋਪਲੇ ਬਾਹਰ ਆ ਖੜੋਤਾ ਸੀ। ਉਸ ਉਹਨੂੰ ਮੁੜਦਿਆਂ ਵੇਖ ਕੇ ਵਿਅੰਗ ਨਾਲ ਕਿਹਾ, ਕਿਉਂ, ਵੇਖੇ ਦੁਨੀਆਂ ਦੇ ਰੰਗ ! ਇਹ ਸਾਰਾ ਕੁਸ਼ ਬਾਹਰੋਂ-ਬਾਹਰ ਈ ਕਰਾਈ ਫਿਰਦੈ। ਕਹਿੰਦੈ ਇਹ ਓਧਰਲੀ ਕੋਈ ਬੰਗਾਲਣ ਅਸਾਮਣ ਐਂ। ਆਪੇ ਸਲਾਹ ਕਰ ਕੇ ਵਿਆਹ ਕਰਾ ਲਿਆ। ਓਥੇ ਈ ਜੁਆਕ ਜੰਮ ਲੇ, ਹੈ ਵਧੀਆ ਕੰਮ ਕਿ ਨਹੀਂ ਬਈ ? ਨਾ ਹਿੰਗ ਲੱਗੇ ਨਾ ਫਟਕੜੀ, ਰੰਗ ਐਨ ਕੇਰਾਂ ਲਾਲ ਬਰੰਗ। ਪਰ ਤਾਇਆ ਫੇਰ ਵੀ ਕੁਝ ਨਹੀਂ ਬੋਲਿਆ। ਉਸ ਅੱਗ ਵਾਲੇ ਬੱਠਲ ਦੇ ਕੋਲ ਆਉਂਦਿਆਂ, ਢਿੱਲੀ ਆਵਾਜ਼ 'ਚ ਕਿਹਾ, ਇਹਦੇ 'ਤੇ ਸੱਕ-ਸੁੱਕ ਪਾ ਚਾਰ, ਮੇਰੇ ਤਾਂ ਪੈਰ ਈ ਬਲਾ ਠਰਦੇ ਜਾਂਦੇ ਐ।

**- ਗੁਰਦਿਆਲ ਸਿੰਘ**

# ਤੂੜੀ ਦੀ ਪੰਡ



## (ਵਿਅੰਗ)

**ਤਾਸ਼ ਖੇਡਣ ਆਇਆ ਹੋਣਾ ਏਧਰ, ਓਧਰ ਵਾਰੀ ਵੂਰੀ ਨ੍ਹੀ ਮਿਲੀ ਹੋਣੀ, ਐਧਰ ਨੂੰ ਚੱਲ ਪਿਆ। ਨਾਥਾ ਅਮਲੀ ਕਹਿੰਦਾ, ਤਾਸ਼ ਖੇਡਣ ਨੂੰ ਗਾਹਾਂ ਇਹ ਕਿਤੇ ਮੱਲ ਸਿਉਂ ਆਲੇ ਆਲਾ ਨਾਜਰ ਗਿਆਨੀ ਐਂ ਬਈ ਹੱਥਾਂ ‘ਚ ਈ ਪੱਤੇ ਦੱਸ ਦਿੰਦਾ। ਇਹਨੂੰ ਤਾਂ ਦਿਉਰ ਭਾਬੀ ਮਨ੍ਹੀ ਖੇਡਣੀ ਆਉਂਦੀ ਹੋਣੀ।**

ਜਿਉਂ ਹੀ ਗੰਡੇ ਕੇ ਅਗਵਾੜ ਵਾਲੇ ਨੱਥੇ ਕਾ ਰੂਪਾ ਘੁੰਮਦਾ ਘੁੰਮਾਉਂਦਾ ਫੂਲੇ ਕੇ ਅਗਵਾੜ ਦੀ ਸੱਥ ‘ਚ ਆਇਆ ਤਾਂ ਬਾਬੇ ਜੱਗਰ ਸਿਉਂ ਨੇ ਰੂਪੇ ਨੂੰ ਪੁੱਛਿਆ,

ਕਿੱਧਰ ਫਿਰਦੈਂ ਰੂਪ ਸਿਆਂ ਓਪਰਿਆਂ ਜਿਆਂ ਆਂਗੂੰ ? ਆ ਜਾ ਬਹਿ ਜਾ, ਸਣਾ ਕੀ ਬਣਦਾ ਫਿਰਦਾ ? ਤੇਰੀ ਬੇਬੇ ਦਾ ਕੀ ਹਾਲ ਚਾਲ ਐ ? ਤਕੜੀ ਐ ? ਸਵਾਲ ਤੇ ਸਵਾਲ ਕਰੀ ਜਾਂਦੇ ਬਾਬੇ ਨੂੰ ਸੁਣ ਕੇ ਨਾਥਾ ਅਮਲੀ ਰੂਪੇ ਦੇ ਬੋਲਣ ਤੋਂ ਪਹਿਲਾਂ ਹੀ ਬਾਬੇ ਨੂੰ ਪੈ ਨਿੱਕਲਿਆ। ਕਿਉਂ ! ਤੂੰ ਇਹਦੀ ਬੇਬੇ ਨਾਲ ਵਿਆਹ ਕਰਾਉਣੈ, ਤਕੜਪੁਣਾ ਪੁੱਛਦੈਂ ? ਪਹਿਲਾਂ ਏਹਤੋਂ ਤਾਂ ਪੁੱਛ ਲਾ ਬਈ ਇਹ ਫਿਰਦਾ ਕਿਮੇਂ ਐਂ ਅੱਜ ਪਿੰਡ ਦੇ ਦੂਜੇ ਪਾਸੇ ? ਗਾਹਾਂ ਬੇਬੇ ਨੂੰ ਜਾ ਫੜ੍ਹਿਆ ਤੂੰ ਤਾਂ।

ਹਾਕਮ ਬਾਗੀ ਨਾਥੇ ਅਮਲੀ ਕਹਿੰਦਾ, ਸਾਲੀ ਲੱਗਦੀ ਐ ਇਹਦੀ, ਤਾਂ ਪੁੱਛਿਆ ਬੇਬੇ ਦਾ ਹਾਲ।

ਅਮਲੀ ਫੇਰ ਹੋਇਆ ਬਾਬੇ ਵੱਲ ਨੂੰ, ਫੇਰ ਘਰੇ ਜਾ ਕੇ ਪੁੱਛੇ ਹਾਲ, ਨਾਲੇ ਚਾਹ ਪੀ ਕੇ ਆਵੇ ਸਾਲੀ ਦੇ ਹੱਥ ਦੀ। ਐਥੇ ਬੈਠਾ ਕਿਉਂ ਐਮੇਂ ਅੱਕਾਂ ‘ਚ ਡਾਂਗਾਂ ਮਾਰੀ ਜਾਂਦੈ

ਜੋਗਾ ਫੌਜੀ ਕਹਿੰਦਾ, ਤਾਸ਼ ਖੇਡਣ ਆਇਆ ਹੋਣਾ ਏਧਰ, ਓਧਰ ਵਾਰੀ ਵੂਰੀ ਨ੍ਹੀ ਮਿਲੀ ਹੋਣੀ, ਐਧਰ ਨੂੰ ਚੱਲ ਪਿਆ।

ਨਾਥਾ ਅਮਲੀ ਕਹਿੰਦਾ, ਤਾਸ਼ ਖੇਡਣ ਨੂੰ ਗਾਹਾਂ ਇਹ ਕਿਤੇ ਮੱਲ ਸਿਉਂ ਆਲੇ ਆਲਾ ਨਾਜਰ ਗਿਆਨੀ ਐਂ ਬਈ ਹੱਥਾਂ ‘ਚ ਈ ਪੱਤੇ ਦੱਸ ਦਿੰਦਾ। ਇਹਨੂੰ ਤਾਂ ਦਿਉਰ ਭਾਬੀ ਮਨ੍ਹੀ ਖੇਡਣੀ ਆਉਂਦੀ ਹੋਣੀ।

ਤਾਸ਼ ਦੀ ਗੱਲ ਸੁਣ ਕੇ ਬਾਬੇ ਜੱਗਰ ਸਿਉਂ ਨੇ ਰੂਪੇ ਨੂੰ ਪੁੱਛਿਆ, ਤੂੰ ਵੀ ਖੇਡ ਲੈਨੈਂ ਤਾਸ ਤੂਸ ਕੁ ਨਹੀਂ ?

ਸੀਤਾ ਮਰਾਸੀ ਕਹਿੰਦਾ, ਜੇ ਇਹ ਤਾਸ ਜਾਣਦਾ ਹੁੰਦਾ ਤਾਂ ਹੁਣ ਨੂੰ ਬੋਹੜ ਆਲੀ ਧਰਮਸਾਲਾ ‘ਚ ਹੋਣਾ ਸੀ ਇਹਨੇ ਵੀ।

ਬਾਬੇ ਜੱਗਰ ਸਿਉਂ ਨੇ ਪੁੱਛਿਆ, ਓਧਰ ਵਾਲੀ ਕਿਤੇ ਤਾਸ ਬਾਹਲੀ ਚੱਲਦੀ ਐ ? ਆਹ ਆਪਣੀ ਸੱਥ ‘ਚ ਕਿਤੇ ਘੱਟ ਖੇਡਦੇ ਐ। ਪਹਿ ਪਾਟਦੀ ਨਾਲ ਆ ਬਹਿੰਦੇ ਐ, ਵੱਗਾਂ ਵੇਲਾ ਹਟਦੇ ਐ।

ਸੀਤਾ ਮਰਾਸੀ ਕਹਿੰਦਾ, ਆਪਣੇ ਗੁਆੜ ਆਲੇ ਤਾਂ ਰੌਲਾ ਪਾਉਣ ਆਲੇ ਈ ਐ ਬਾਬਾ। ਗੰਡੇ ਕੇ ਗੁਆੜ ਆਲੇ ਤਾਂ ਕੜਿੱਲ ਕੱਢ ਦਿੰਦੇ ਐ।

ਮਾਹਲਾ ਨੰਬਰਦਾਰ ਬਾਬੇ ਜੱਗਰ ਸਿਉਂ ਨੂੰ ਕਹਿੰਦਾ, ਇਹ ਤਾਂ ਤਾਇਆ ਕਿਤੇ ਏਧਰ ਆਇਆ ਨ੍ਹੀ, ਅੱਜ ਪਤਾ ਨ੍ਹੀ ਕਿਮੇਂ ਗੇੜੇ ‘ਤੇ ਗੇੜਾ ਮਾਰੀ ਜਾਂਦਾ ਜਿਮੇਂ ਔਂਟਲੀ ਵੀ ਭੱਜੀ ਫਿਰਦੀ ਢਾਂਡੀ ਨੂੰ ਖੜ੍ਹਣ ਬੈਠਣ ਨੂੰ ਥਾਂ ਨ੍ਹੀ ਥਿਆਉਂਦਾ ਹੁੰਦਾ।

ਬਾਬੇ ਨੇ ਪੁੱਛਿਆ, ਕਿਤੇ ਮੱਝ ਮੁੱਝ ਤਾਂ ਨ੍ਹੀ ਖੁੱਲ੍ਹ ਗੀ ਓਏ ? ਬੁੱਘਰ ਦਖਾਣ ਟਿੱਚਰ ‘ਚ ਬੋਲਿਆ, ਸਾਨ੍ਹ ਭਾਲਦਾ ਫਿਰਦਾ ਬਾਬਾ ਇਹੇ।

ਸਾਨ੍ਹ ਬਾਰੇ ਸੁਣ ਕੇ ਸੀਤਾ ਮਰਾਸੀ ਕਹਿੰਦਾ, ਇਹਨੇ ਕੀ ਕਰਨਾ ਸਾਨ੍ਹ ? ਮੱਝ ਨ੍ਹੀ ਮੁੱਝ ਨ੍ਹੀ ਇਨ੍ਹਾਂ ਦੇ ਘਰੇ, ਸਾਨ੍ਹ ਤੋਂ ਕੀ ਗੀਰ੍ਹਾ ਢਹਾਉਣਾ ਇਹਨੇ।

ਸੀਤੇ ਮਰਾਸੀ ਦੀ ਗੱਲ ਸੁਣ ਕੇ ਨਾਥੇ ਅਮਲੀ ਨੇ ਖੋਲ੍ਹਿਆ ਫਿਰ ਮਰਾਸੀ ‘ਤੇ ਫਾਇਰ। ਕਹਿੰਦਾ, ਜਾਹ ਓਏ ਭੂਚਣਾਂ। ਜੇ ਮੱਝ ਨ੍ਹੀ ਘਰੇ ਤਾਂ ਗੀਰ੍ਹਾ ਕਿੱਥੋਂ ਆ ਗਿਆ ਇਹਦੇ ? ਬਾਬਾ ਜੱਗਰ ਸਿਉਂ ਕਹਿੰਦਾ, ਇਹਦੀ ਵੀ ਸੁਣ ਲੋ ਬਈ ਇਹ ਆਇਆ ਕਿਮੇਂ ਐਂ ਐਡੀ ਦੂਰ ? ਤੁਸੀਉਂ ਈ ਸਾਰੇ ਪਟਵਾਰਪੁਣਾ ਕਰੀ ਜਾਨੇਂ ਓਂ ਇਹਨੂੰ ਤਾਂ ਬੋਲਣ ਦਿਉ। ਨਾਥਾ ਅਮਲੀ ਕਹਿੰਦਾ, ਐਡੀ ਦੂਰ ਨੂੰ ਗਾਹਾਂ ਕਿਤੇ ਚਤੌੜਗੜ੍ਹ ਆ ਗਿਆ ਇਹੇ, ਐਦੂੰ ਬਾਹਲੀ ਦੂਰ ਤਾਂ ਘੀਚਰ ਬੁੜ੍ਹਾ ਜੰਗਲ ਪਾਣੀ ਜਾ ਆਉਂਦਾ, ਨਾਲੇ ਸੈਂਕੜੇ ਦਾ ਹੋਣ ਆਲਾ ਹੋਊ। ਬਾਬੇ ਜੱਗਰ ਸਿਉਂ ਨੇ ਰੂਪੇ ਨੂੰ ਪੁੱਛਿਆ, ਰੂਪ ਸਿਆਂ ਸਹੀ ਦੱਸੀਂ ਬਈ ਐਧਰ ਕਿਮੇਂ ਆਉਣੇ ਹੋਏ ਅੱਜ ? ਤੂੰ ਤਾਂ ਯਾਰ ਕਦੇ ਏਧਰ ਆਇਆ ਈ ਨ੍ਹੀ।

ਰੂਪਾ ਕਹਿੰਦਾ, ਰੇਹੜੇ ਆਲੇ ਦੰਮਣ ਦਾ ਪਤਾ ਲੈਣ ਆਇਆ ਬਾਬਾ।

ਦੰਮਣ ਰੇੜੇ ਵਾਲੇ ਬਾਰੇ ਸੁਣ ਕੇ ਸੀਤੇ ਮਰਾਸੀ ਨੇ ਰੂਪੇ ਨੂੰ ਪੁੱਛਿਆ, ਤੂੜੀ ਦੀ ਪੰਡ ਲਿਆਉਣੀ ਐਂ ਲੱਦ ਕੇ ਰੇੜੇ ‘ਤੇ ?

ਮਰਾਸੀ ਦੇ ਮੂਹੋਂ ਤੂੜੀ ਦੀ ਪੰਡ ਬਾਰੇ ਸੁਣ ਕੇ ਸਾਰੀ ਸੱਥ ਉੱਚੀ ਉੱਚੀ ਹੱਸ ਪਈ। ਸੱਥ ਵਾਲਿਆਂ ਦਾ ਹਾਸਾ ਸੁਣ ਕੇ ਰੂਪਾ ਸੀਤੇ ਮਰਾਸੀ ਨੂੰ ਭੂਸਰੀ ਗਧੀ ਵਾਂਗੂੰ ਪੈ ਨਿੱਕਲਿਆ, ਤੂੰ ਕੀ ਲੈਣੈ ਓਏ ਮੰਗ ਖਾਣੀਏਂ ਜਾਤੇ, ਤੈਨੂੰ ਕੀ ਮੈਂ ਕੁਸ ਲਿਆਵਾਂ ਲੱਦ ਕੇ। ਬੰਦਾ ਨ੍ਹੀ ਵੇਖਣਾ ਕਬੰਦਾ ਨ੍ਹੀ ਵੇਖਣਾ, ਹਰੇਕ ਨੂੰ ਟਿੱਚਰ ‘ਚ ਈ ਬੋਲਦੈਂ। ਤੇਰੀ ਤਾਂ ਉਹ ਗੱਲ ਐ, ਅਕੇ ਕੇਰਾਂ ਕੋਈ ਤੇਰੇ ਅਰਗਾ ਬਾਹਲਾ ਸਿਆਣਾ ਸੀਸੇ ‘ਚ ਮੂੰਹ ਵੇਖਣ ਲੱਗ ਪਿਆ। ਉਹਨੂੰ ਆਵਦਾ ਮੂੰਹ ਭੈੜਾ ਜਾ ਲੱਗਿਆ। ਉਹਨੇ ਜਿਉਂ ਚੱਕਿਆ ਲੀੜਾ, ਸੀਸਾ ਸਾਫ਼ ਕਰਨ ਲੱਗ ਪਿਆ। ਦੱਬ ਦੱਬ ਕੇ ਸੀਸੇ ‘ਤੇ ਲੀੜਾ ਖਸਾਉਂਦੇ ਨੇ ਸੀਸਾ ਈ ਭੰਨ ਲਿਆ। ਸੀਸੇ ਨੇ ਕਾਹਦਾ ਸਾਫ ਹੋਣਾ ਸੀ, ਲਿਬੜਿਆ ਵਿਆ ਤਾਂ ਆਵਦਾ ਮੂੰਹ ਸੀ ਉਹਦਾ, ਸਾਫ਼ ਕਰੀ ਗਿਆ ਸੀਸਾ। ਉਹ ਗੱਲ ਤੇਰੀ ਐ। ਤੇਰੇ ਨਾਲੋਂ ਸਾਰੇ ਈ ਸਿਆਣੇ ਐਂ। ਬੈਠਾ ਰਹਿ ਚੁੱਪ ਕਰਕੇ।

ਮਾਹਲਾ ਨੰਬਰਦਾਰ ਕਹਿੰਦਾ, ਚੁੱਪ ਕਰੋ ਯਾਰ ਐਮੇਂ ਲੜ ਪੋਂ ਗੇ। ਪਿੰਡ ਦੇ ਦੂਜੇ ਪਾਸਿਉਂ ਵਚਾਰਾ ਚੱਲ ਕੇ ਆਇਆ, ਉਹਦੀ ਮਦਾਦ ਤਾਂ ਕੀ ਕਰਨੀ ਸੀ ਸਗੋਂ ਉਲਟਾ ਟਿੱਚਰਾਂ ਕਰਦੇ ਓਂ ਉਹਨੂੰ।

ਸੀਤਾ ਮਰਾਸੀ ਕਹਿੰਦਾ, ਇਹ ਕਾਹਦੀਆਂ ਟਿੱਚਰਾਂ ਨੰਬਰਦਾਰਾ ? ਸਗੋਂ ਪੁੱਛਿਆ ਈ ਐ ਬਈ ਤੂੜੀ ਦੀ ਪੰਡ ਲੱਦ ਕੇ ਲਿਆਉਣੀ ਐਂ ਕੁ ਕੁਸ ਹੋਰ ਲਿਆਉਣੈ ?



ਬਾਬਾ ਜੱਗਰ ਸਿਉਂ ਕਹਿੰਦਾ, ਨਾਲੇ ਪਹਿਲਾਂ ਦੱਸ ਕੇ ਤਾਂ ਹਟੇ ਐ ਬਈ ਇਹਦੇ ਕੋਲੇ ਕੋਈ ਡੰਗਰ ਪਸੂ ਤਾਂ ਹੈਨ੍ਹੀ, ਫੇਰ ਤੂੜੀ ਦੀਂ ੱਡ ਕੀ ਕਰਨੀ ਐਂ ਇਹਨੇ ?

ਨੰਬਰਦਾਰ ਹੋਇਆ ਫਿਰ ਰੂਪੇ ਵੱਲ ਨੂੰ। ਕਹਿੰਦਾ, ਉਹਨੂੰ ਤਾਂ ਰੇੜ੍ਹਾ ਵੇਚੇ ਨੂੰ ਰੂਪ ਸਿਆਂ ਵੀਹ ਦਿਨ ਹੋ ਗੇ। ਤੂੰ ਕਿੱਥੇ ਫਿਰਦੈਂ ?

ਬੁੱਘਰ ਦਖਾਣ ਕਹਿੰਦਾ, ਨਮਾਂ ਤਾਂ ਰੇੜ੍ਹਾ ਸੀ ਉਹਦਾ, ਉਹਨੇ ਕਾਹਤੋਂ ਵੇਚ ‘ਤਾ ਬਈ ?

ਨਾਥਾ ਅਮਲੀ ਕਹਿੰਦਾ, ਤੇਰੇ ਪੁੱਛਣ ਨੂੰ। ਹੁਣ ਸਾਨੂੰ ਕੀ ਪਤਾ ਬਈ ਕਿਉਂ ਵੇਚਿਆ ? ਉਹਦੇ ਘਰੇ ਜਾ ਕੇ ਪੁੱਛ ਲਾ ਉਹਤੋਂ। ਐਥੇ ਐਮੇਂ ਸੱਥ ‘ਚ ਕੰਨ ਖਾਣ ਲੱਗਿਐਂ।

ਬਾਬੇ ਜੱਗਰ ਸਿਉਂ ਨੇ ਨਾਥੇ ਅਮਲੀ ਨੂੰ ਪੁੱਛਿਆ, ਤੈਨੂੰ ਤਾਂ ਨਾਥਾ ਸਿਆਂ ਪਤਾ ਹੋਊਗਾ ਬਈ ਵੇਚਿਆ ਕਾਹਤੋਂ ਐਂ ?

ਨਾਥਾ ਅਮਲੀ ਕਹਿੰਦਾ, ਮੈਂ ਗਾਹਾਂ ਭੰਗ ਚਿੜੀ ਆਲਾ ਤੋਗਾ ਵਪਾਰੀ ਆਂ ਬਈ ਮੈਂ ਸੌਦਾ ਕਰਾਇਆ। ਅਗਲੇ ਨੂੰ ਪਾਂਜੇ ਛਿੱਕੇ ਦੀ ਲੋੜ ਹੋਊ ਉਹਨੇ ਵੇਚ ‘ਤਾ। ਤੁਸੀਂ ਐਮੇਂ ਈਂ ਜਾਂਬਾਂ ਦੇ ਭੇੜ ਮਾਰੀ ਜਾਨੇਂ ਐਂ।

ਗੱਲ ਕਿਸੇ ਹੋਰ ਪਾਸੇ ਜਾਂਦੀ ਜਾਂਦੀ ਨੂੰ ਕਸ਼ਮੀਰਾ ਮੈਂਬਰ ਕਹਿੰਦਾ, ਓ ਪਹਿਲਾਂ ਤੂੜੀ ਆਲੀ ਪੰਡ ਦੀ ਤਾਂ ਸੁਣ ਲੋ ਬਈ ਸੱਥ ਆਲੇ ਤੂੜੀ ਦੀ ਪੰਡ ਤੋਂ ਕਿਉਂ ਹੱਸੇ ਸੀ ਤੇ ਰੂਪਾ ਇਸ ਗੱਲ ਤੋਂ ਖਿਝਿਆ ਕਿਉਂ ਸੀ ? ਇਹ ਹੀਰ ਸੁਣੋ ਮਰਾਸੀ ਤੋਂ, ਰੇੜੇ ਦੇ ਵੇਚ ਵਚੱਈਏ ਦੇ ਪੋਤੜੇ ਫੇਰ ਫਰੋਲ ਲਿਓ।

ਜਦੋਂ ਰੂਪੇ ਨੂੰ ਪਤਾ ਲੱਗਿਆ ਬਈ ਮੇਰੀ ਤੂੜੀ ਦੀ ਪੰਡ ਵਾਲੀ ਕਹਾਣੀ ਹੁਣ ਸੱਥ ‘ਚ ਛਿੜੂ ਈ ਛਿੜੂ ਤਾਂ ਰੂਪਾ ਬੁੜ ਬੁੜ ਕਰਦਾ ਸੱਥ ਤੋਂ ਉੱਠ ਕੇ ਭੱਜ ਗਿਆ। ਬਾਬੇ ਜੱਗਰ ਸਿਉਂ ਦੇ ਨਾਲ ਬੈਠਾ ਸੁਰਜਨ ਬੁੜਾ ਰੇੜ੍ਹੇ ਬਾਰੇ ਦੱਸਦਾ ਬੋਲਿਆ, ਰੇੜਾ ਤਾਂ ਦੰਮਣ ਨੇ ਮੁੰਡੇ ਤੋਂ ਅੱਕ ਕੇ ਵੇਚਿਆ। ਹੋਰ ਉਹਨੂੰ ਕੋਈ ਚਾਅ ਤਾਂ ਨ੍ਹੀ ਸੀ ਵੇਚਣ ਦਾ। ਵਧੀਆ ਕੰਮ ਰੁੜ੍ਹੀ ਜਾਂਦਾ ਸੀ। ਬਈ ਆਹ ਜਿਹੜੀ ਰੂਪੇ ਦੀ ਤੂੜੀ ਆਲੀ ਪੰਡ ਦੀ ਗੱਲ ਐ, ਉਹ ਨਾਥਾ ਸਿਉਂ ਨੂੰ ਪਤਾ ਈ ਐ।

ਮਾਹਲੇ ਨੰਬਰਦਾਰ ਨੇ ਸੁਰਜਨ ਬੁੜ੍ਹੇ ਨੂੰ ਪੁੱਛਿਆ, ਮੁੰਡੇ ਤੋਂ ਕਿਉਂ ਅੱਕ ਕੇ ਵੇਚਿਆ। ਉਹਦੇ ਵਾਸਤੇ ਤਾਂ ਇੱਕ ਖੱਚਰ ਰੇੜ੍ਹਾ ਹੋਰ ਲੈਣ ਨੂੰ ਫਿਰਦਾ ਸੀ ਦੰਮਣ।

ਨਾਥਾ ਅਮਲੀ ਕਹਿੰਦਾ, ਇੱਕ ਈ ਰੱਖ ਲੈਂਦੇ ਪਿਉ ਪੁੱਤ, ਹੋਰ ਲੈਣ ਨੂੰ ਹੁਣ ਕੇਰਾਂ ਈਂ ਦਿੜਬੇ ਆਲਾ ਨੇਕ ਵਪਾਰੀ ਬਣਦੇ ਐ। ਬੁੱਘਰ ਦਖਾਣ ਕਹਿੰਦਾ, ਤੂ ੜੀ ਆਲੀ ਪੰਡ ਦੀ ਗੱਲ ਨੂੰ ਚੁੱਪ ਈ ਕਰ ਗੇ ਯਾਰ ਤੁਸੀਂ। ਹੋਰ ਈ ਗਾਜਰਾਂ ‘ਚ ਗਧਾ ਵਾੜੀ ਫਿਰਦੇ ਐਂ। ਸੀਤਾ ਸਿਆਂ ਤੂੰ ਦੱਸ ਕੀ ਗੱਲ ਐ ਤੂੜੀ ਆਲੀ ਪੰਡ ਦੀ ?

ਸੀਤਾ ਮਰਾਸੀ ਕਹਿੰਦਾ, ਅਮਲੀ ਨੂੰ ਬਾਹਲਾ ਪਤਾ ਮਿਸਤਰੀਆ ਤੂੜੀ ਆਲੀ ਪੰਡ ਦਾ।

ਬਾਬਾ ਜੱਗਰ ਸਿਉਂ ਅਮਲੀ ਨੂੰ ਕਹਿੰਦਾ, ਕੀ ਕਹਾਣੀ ਐਂ ਨਾਥਾ ਸਿਆਂ ਤੂੜੀ ਆਲੀ ਪੰਡ ਦੀ ਓਏ ? ਅਮਲੀ ਕਹਿੰਦਾ, ਕਹਾਣੀ ਕੀ ਹੋਣੀ ਸੀ ਬਾਬਾ। ਇਹਤੋਂ ਰੂਪੇ ਤੋਂ ਕੋਈ ਤੂੜੀ ਦੀ ਪੰਡ ਉਧਾਰੀ ਮੁੱਲ ਲੈ ਗਿਆ, ਘਰ ਦਾ ਪਤਾ ਪੁਤਾ ਗਲਤ ਦੱਸ ਗਿਆ। ਘਰ ਦਾ ਫੂਨ ਨੰਬਰ ਕਿਸੇ ਹੋਰ ਦਾ ਦੇ ਗਿਆ। ਸੱਤਾਂ ਅੱਠਾਂ ਦਿਨਾਂ ਮਗਰੋਂ ਰੂਪੇ ਨੇ ਮਿਲਖੀ ਦੀ ਹੱਟ ਤੋਂ ਜਾ ਕੇ ਫੂਨ ਕਰ ਲਿਆ। ਉਹ ਫੂਨ ਕਿਤੇ ਅੰਬਰਸਰ ਕੋਲੇ ਕਿਸੇ ਪਿੰਡ ‘ਚ ਜਾ ਲੱਗਿਆ। ਰੂਪੇ ਨੇ ਉਹਨੂੰ ਪੁੱਛਿਆ ‘ਕੀ ਹਾਲ ਐ ? ਕਿੱਥੇ ਐਂ ? ਉਹ ਮੂਹਰੋਂ ਕਹਿੰਦਾ ‘ਦੱਸੋ’। ਰੂਪਾ ਉਹਨੂੰ ਕਹਿੰਦਾ ‘ਪੈਹੇ ਲੈਣੇ ਸੀਂ’। ਉਹ ਕਹਿੰਦਾ ‘ਕਾਹਦੇ ਪੈਹੇ’ ? ਰੂਪਾ ਕਹਿੰਦਾ ‘ਤੂੜੀ ਦੇ’। ਉਹਨੇ ਮੂਹਰੋਂ ਪੁੱਛਿਆ ‘ਕਿਹੜੀ ਤੂੜੀ ਦੇ’ ? ਰੂਪਾ ਕਹਿੰਦਾ ‘ਤੂੰ ਤੂੜੀ ਦੀ ਪੰਡ ਲੈ ਕੇ ਗਿਆ ਸੀ, ਪੈਹੇ ਨ੍ਹੀ ਦੇ ਕੇ ਗਿਆ’। ਓਸ ਅੰਬਰਸਾਰ ਆਲੇ ਬੰਦੇ ਨੇ ਪੁੱਛਿਆ ‘ਤੂੰ ਕੌਣ ਐਂ ? ਕਿੱਥੋਂ ਬੋਲਦੈਂ’ ? ਰੂਪਾ ਕਹਿੰਦਾ ‘ਮੈਂ ਯਾਰ ਸਭਾਨਪੁਰੋਂ ਰੂਪਾ ਬੋਲਦਾਂ ਤੂੜੀ ਆਲਾ’। ਉਹ ਮੂਹਰੋਂ ਕਹਿੰਦਾ ‘ਓ ਮੈਂ ਤਾਂ ਪਤੰਦਰਾ ਅੰਬਰਸਰ ਕੋਲੋਂ ਬੋਲਦਾਂ, ਤੂੰ ਕਿੱਥੇ ਲਾਇਆ ਫੂਨ’ ? ਰੂਪਾ ਕਹਿੰਦਾ ‘ਓ ਹੁਣ ਤੂੰ ਵੀਹ ਰਪੀਏ ਦੇਣ ਦਾ ਮਾਰਾ ਆਵਦੇ ਘਰ ਦਾ ਪਤਾ ਈ ਬਦਲੀ ਜਾਨੈਂ’। ਤੂੰ ਪਹਿਲਾਂ ਦੱਸ ਬਈ ਤੂੰ ਘੋਨਾਂ ਕੁ ਪੱਗ ਬੰਨ੍ਹੀ ਐਂ’ ? ਉਹ ਕਹਿੰਦਾ ‘ਮੈਂ ਤਾਂ ਜਥੇਦਾਰ ਆਂ’। ਮੇਰਾ ਭਰਾ ਏਥੇ ਤੇਰੇ ਕੋਲੇ ਐਸ. ਐਚ. ਓ. ਲੱਗਿਆ ਵਿਆ’। ਰੂਪਾ ਉਹਨੂੰ ਕਹਿੰਦਾ ‘ਮੈਂ ਕਿਹੜਾ ਐਸ.ਐਚ.ਓ. ਨੂੰ ਤੂੜੀ ਵੇਚਣੀ ਆਂ, ਤੂੰ ਮੇਰੇ ਵੀਹ ਰਪੀਏ ਦੇ ਕੇ ਜਾ ਉਹ ਕਹਿੰਦਾ ‘ਮੈਂ ਤੇਰੇ ਕੋਲੇ ਆ ਜਾਨੈਂ, ਤੂੰ ਮੈਨੂੰ ਪਛਾਣ ਲੀਂ ਬਈ ਮੈਂ ਲੈ ਕੇ ਗਿਆਂ ਤੂੜੀ ਦੀ ਪੰਡ ਕੇ ਕੋਈ ਹੋਰ ਲੈ ਗਿਆ। ਤੂੰ ਸਭਾਨਪੁਰੋਂ ਬੋਲਦੈਂ ਮੈਂ ਸਭਾਨਪੁਰ ਤੋਂ ਬੈਠਾਂ ਪੰਜਾਹ ਮੀਲ ਦੂਰ। ਮੈਂ ਕੀ ਕਰਨੀ ਸੀ ਤੇਰੀ ਤੂੜੀ ਦੀ ਪੰਡ’ ? ਰੂਪਾ ਫੇਰ ਕਹਿੰਦਾ ‘ਤੂੰ ਤੁੜੀ ਦੀ ਪੰਡ ਮੱਝ ਨੂੰ ਪਾਉਣ ਨੂੰ ਲੈ ਕੇ ਗਿਐਂ। ਹੁਣ ਵੀਹ ਰਪੀਏ ਦੇਣ ਦਾ ਮਾਰਾ ਗੱਲ ‘ਤੇ ਈ ਨ੍ਹੀ ਆਉਂਦਾ’। ਉਹ ਜਥੇਦਾਰ ਇਹਨੂੰ ਕਹਿੰਦਾ ‘ਮੈਂ ਤੇਰੇ ਕੋਲੇ ਆ ਜਾਂ। ਤੂੰ ਮੇਰੀ ਪਛਾਣ ਕਰ ਲੀਂ ਬਈ ਮੈਂ ਕੌਣ ਆਂ’। ਜਦੋਂ ਉਹਨੇ ਰੂਪੇ ਨੂੰ ਬਾਬਾ ਇਹ ਗੱਲ ਕਹੀ ਕਿ ਮੈਂ ਤੇਰੇ ਕੋਲ ਆ ਜਾਨਾਂ, ਤਾਂ ਰੂਪਾ ਉਹਨੂੰ ਕਹਿੰਦਾ ‘ਚੰਗਾ ਆ ਜਾ ਫਿਰ, ਤੂੜੀ ਦੀ ਪੰਡ ਲੈ ਆਈਂ ਨਾਲ’। ਜਦੋਂ ਰੂਪੇ ਨੇ ਤੂੜੀ ਦੀ ਪੰਡ ਲਿਆਉਣ ਨੂੰ ਕਿਹਾ, ਉਹ ਤਾਂ ਭਾਈ ਢਾਈ ਤਿੰਨ ਘੈਂਟਿਆਂ ਪਿੱਛੋਂ ਪੰਜ ਛੀ ਜਾਣੇ ਰੂਪੇ ਦਾ ਘਰ ਪੁੱਛ ਕੇ ਆ ਗੇ। ਵੱਸ ਫਿਰ ਕੀ ਪੁੱਛਦੈਂ ਬਾਬਾ, ਕੁੱਟ ਕੁੱਟ ਕੇ ਰੂਪੇ ਦੇ ਭੂਤ ਪਿੰਨੇ ਕੱਢ ‘ਤੇ। ਰੌਲਾ ਸੁਣ ਕੇ ਲੋਕ ‘ਕੱਠੇ ਹੋ ਗੇ। ਉਨ੍ਹਾਂ ਨੇ ਛਡਾਇਆ। ਜਦੋਂ ਉਨ੍ਹਾਂ ਨੇ ਪੁੱਛਿਆ ਬਈ ਕੀ ਗੱਲ ਹੋ ਗੀ। ਉਨ੍ਹਾਂ ਨੇ ਦੱਸੀ ਫਿਰ ਸਾਰੀ ਹੀਰ। ਕਹਿੰਦੇ ‘ਸਾਨੂੰ ਕਹਿੰਦਾ ਆ ਜਾ ਫਿਰ, ਅਕੇ ਤੂੜੀ ਦੀ ਪੰਡ ਲੈ ਆਈਂ ਨਾਲ’।

ਸੀਤਾ ਮਰਾਸੀ ਹੱਸ ਕੇ ਕਹਿੰਦਾ, ਪੰਡ ਛੱਡ ਤੂੜੀ ਆਲਾ ਕੁੱਪ ਈ ਦੇ ਗੇ ਫਿਰ ਤਾਂ।

ਬੁੱਘਰ ਦਖਾਣ ਕਹਿੰਦਾ, ਚੰਗਾ ! ਹੁਣ ਸਿਆਲ ਸੌਖਾ ਨਿੱਕਲ ਜੂ।

ਏਨੇ ਚਿਰ ਨੂੰ ਸੱਥ ਵੱਲ ਆਉਂਦੀ ਰੂਪੇ ਦੀ ਮਾਂ ਚਿੰਤੋਂ ਨੂੰ ਵੇਖ ਕੇ ਬੁੱਘਰ ਦਖਾਣ ਕਹਿੰਦਾ, ਚੁੱਪ ਕਰੋ ਓਏ, ਕੋਈ ਹੋਰ ਗੱਲ ਕਰ ਲੋ ਹੁਣ ਰੂਪੇ ਦੀ ਬੇਬੇ ਆਉਂਦੀ ਐ। ਰੂਪੇ ਦੀ ਮਾਂ ਚਿੰਤੋ ਸੱਥ ‘ਚ ਆ ਕੇ ਬਾਬੇ ਜੱਗਰ ਸਿਉਂ ਨੂੰ ਕਹਿੰਦੀ, ਬਾਬਾ ਜੀ ! ਮਾੜਾ ਜਾ ਘਰੇ ਆਈਂ, ਨਾਲੇ ਭਾਈ ਜੀ ਨੂੰ ਕਹਿ ਦੇ ਨੰਬਰਦਾਰ ਨੂੰ।

ਜਿਉਂ ਹੀ ਬਾਬਾ ਜੱਗਰ ਸਿਉਂ ਤੇ ਮਾਹਲਾ ਨੰਬਰਦਾਰ ਸੱਥ ‘ਚੋਂ ਉੱਠ ਕੇ ਰੂਪੇ ਦੇ ਘਰ ਨੂੰ ਚੱਲ ਪਏ ਤਾਂ ਨਾਥਾ ਅਮਲੀ ਕਹਿੰਦਾ, ਹੁਣ ਆਪਣੀ ਸਾਰਿਆਂ ਦੀ ਸ਼ਕੈਤ ਕਰੂ ਓਏ ਬਾਬੇ ਕੋਲੇ। ਚੱਲੋ ਉੱਠੋ ਘਰਾਂ ਨੂੰ ਚੱਲੀਏ। ਅਮਲੀ ਦੀ ਗੱਲ ਸੁਣ ਕੇ ਸਾਰੇ ਜਾਣੇ ਸੱਥ ਉੱਠ ਕੇ ਆਪੋ ਆਪਣੇ ਘਰਾਂ ਨੂੰ ਤੁਰ ਗਏ।

**-ਸੁਖਮੰਦਰ ਸਿੰਘ ਬਰਾੜ ‘ਭਗਤਾ ਭਾਈ ਕਾ**

# ਗੁਰੂ ਨਾਨਕ ਦਾ ਪ੍ਰਕਾਸ਼ ਪੁਰਬ ਅਤੇ ਸਿੱਖ ਸਮਾਜ



**ਭਾਰਤ ਤੋਂ ਬਿਨਾ ਪਾਕਿਸਤਾਨ ਜਿਥੇ ਗੁਰੂ ਨਾਨਕ ਦਾ ਜਨਮ ਹੋਇਆ ਅਤੇ ਜਿਥੋਂ ਵੰਡ ਪਾਊ ਸਿਆਸਤ ਕਾਰਨ ਵੱਡੀ ਗਿਣਤੀ ਵਿਚ ਸਿੱਖਾਂ ਨੂੰ ਦਰ-ਬਦਰ ਹੋ ਕੇ ਇਧਰਲੇ ਪੰਜਾਬ ਵਿਚ ਆਉਣਾ ਪਿਆ ਸੀ, ਵਿਚ ਨਗਰ ਕੀਰਤਨ, ਕਾਨਫਰੰਸਾਂ ਅਤੇ ਸੈਮੀਨਾਰ ਕਰਵਾਏ ਜਾ ਰਹੇ ਹਨ।**

**ਜਗਤਾਰ ਸਿੰਘ**

ਕੀ ਸਿੱਖ ਪਹਿਲੀ ਪਾਤਿਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਮਨਾਉਣ ਸਮੇਂ ਉਨ੍ਹਾਂ ਦੀ ਵਿਲੱਖਣ ਵਿਚਾਰਧਾਰਾ ਅਤੇ ਜੀਵਨ ਜਾਚ ਨੂੰ ਆਪਣੇ ਅਮਲੀ ਜੀਵਨ ਵਿਚ ਅਪਨਾਉਣਗੇ ? ਇਹ ਸਵਾਲ ਸ਼ਾਇਦ ਅੱਜ ਉਸ ਸਮੇਂ ਬੇਤੁਕਾ ਲੱਗੇ ਜਦੋਂ ਪੂਰੀ ਦੁਨੀਆ ਵਿਚ ਫੈਲਿਆ ਹੋਇਆ ਸਿੱਖ ਭਾਈਚਾਰਾ ਜਗਤ ਗੁਰੂ ਬਾਬਾ ਨਾਨਕ ਦਾ ਪ੍ਰਕਾਸ਼ ਪੁਰਬ ਮਨਾਉਣ ਦੀਆਂ ਤਿਆਰੀਆਂ ਕਰ ਰਿਹਾ ਹੈ। ਭਾਰਤ ਤੋਂ ਬਿਨਾ ਪਾਕਿਸਤਾਨ ਜਿਥੇ ਗੁਰੂ ਨਾਨਕ ਦਾ ਜਨਮ ਹੋਇਆ ਅਤੇ ਜਿਥੋਂ ਵੰਡ ਪਾਊ ਸਿਆਸਤ ਕਾਰਨ ਵੱਡੀ ਗਿਣਤੀ ਵਿਚ ਸਿੱਖਾਂ ਨੂੰ ਦਰ-ਬਦਰ ਹੋ ਕੇ ਇਧਰਲੇ ਪੰਜਾਬ ਵਿਚ ਆਉਣਾ ਪਿਆ ਸੀ, ਵਿਚ ਨਗਰ ਕੀਰਤਨ, ਕਾਨਫਰੰਸਾਂ ਅਤੇ ਸੈਮੀਨਾਰ ਕਰਵਾਏ ਜਾ ਰਹੇ ਹਨ।

ਉਂਜ, ਇਸ ਵੇਲੇ ਸਿੱਖ ਸਮਾਜ ਦਾ ਕੌੜਾ ਸੱਚ ਇਹ ਹੈ ਕਿ ਉਹ ਗੁਰੂ ਨਾਨਕ ਦੀ ਵਿਚਾਰਧਾਰਾ, ਸਿੱਖਿਆਵਾਂ ਅਤੇ ਜੀਵਨ ਜਾਚ ਤੋਂ ਬਹੁਤ ਦੂਰ ਚਲਾ ਗਿਆ ਹੈ। ਸਿੱਖਾਂ ਦੀ ਬਹੁਗਿਣਤੀ ਉਨ੍ਹਾਂ ਕੁਰੀਤੀਆਂ ਵਿਚ ਬੁਰੀ ਤਰ੍ਹਾਂ ਧਸੀ ਹੋਈ ਹੈ ਜਿਨ੍ਹਾਂ ਖ਼ਿਲਾਫ਼ ਗੁਰੂ ਨਾਨਕ ਨੇ ਆਵਾਜ਼ ਉਠਾਈ ਸੀ।

ਗੁਰੂ ਨਾਨਕ ਦਾ 550ਵਾਂ ਪ੍ਰਕਾਸ਼ ਪੁਰਬ ਮਨਾਉਣ ਸਮੇਂ ਪੰਜਾਬ ਦੀਆਂ ਸਿਆਸੀ ਜਮਾਤਾਂ ਉਨ੍ਹਾਂ ਦੀ ਸਰਬ ਕਲਿਆਣਕਾਰੀ ਵਿਚਾਰਧਾਰਾ, ਵਿਲੱਖਣ ਜੀਵਨ ਜਾਚ ਅਤੇ ਸਿੱਖਿਆਵਾਂ ਨੂੰ ਦੁਨੀਆ ਭਰ ਵਿਚ ਪ੍ਰਚਾਰਨ ਉਤੇ ਜ਼ੋਰ ਦੇਣ ਦੀ ਥਾਂ ਸਾਰੀ ਸ਼ਕਤੀ ਰਵਾਇਤੀ ਸਮਾਗਮ ਕਰਵਾਉਣ ਉੱਤੇ ਲਾ ਰਹੀਆਂ ਹਨ। ਸਿੱਖ ਪੰਥ ਦੀ ਨੁਮਾਇੰਦਾ ਜਥੇਬੰਦੀ ਸਮਝੀ ਜਾਂਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਜਾਬ ਸਰਕਾਰ ਪ੍ਰਕਾਸ਼ ਪੁਰਬ ਮੌਕੇ ਕਰਵਾਏ ਜਾਣ ਵਾਲੇ ਸਮਾਗਮਾਂ ਨੂੰ ਲੈ ਕੇ ਇਕ-ਦੂਜੇ ਨਾਲ ਉਲਝੀਆਂ ਹੋਈਆਂ ਹਨ।

ਗੁਰੂ ਨਾਨਕ ਨੇ ਸੰਸਾਰ ਅੱਗੇ ਅਜਿਹਾ ਧਰਮ ਲਿਆਂਦਾ ਜਿਹੜਾ ਆਪਣੇ ਆਪ ਵਿਚ ਵਿਸ਼ਵੀ, ਮਾਨਵੀ ਅਤੇ ਅਜਿਹੀ ਜੀਵਨ ਜਾਚ ਹੈ ਜਿਹੜੀ ਹਰ ਮਨੁੱਖ ਨੂੰ ਬਿਨਾ ਕਿਸੇ ਭੇਦਭਾਵ ਬਰਾਬਰ ਸਮਝਦੀ ਹੈ। ਬਾਬਾ ਨਾਨਕ ਦੀ ਵਿਚਾਰਧਾਰਾ ਉਨ੍ਹਾਂ ਵੱਲੋਂ ਆਪਣੀ ਹਯਾਤੀ ਦੇ ਸਤਾਰਾਂ ਸਾਲਾਂ ਵਿਚ ਮੱਕੇ ਤੱਕ ਕੀਤੀਆਂ ਲੰਮੀਆਂ ਯਾਤਰਾਵਾਂ ਦੌਰਾਨ ਹਰ ਤਰ੍ਹਾਂ ਦੇ ਲੋਕਾਂ ਨਾਲ ਹੁੰਦੀ ਰਹੀ ਗੁਫਤਗੂ ਦੇ ਤਜਰਬੇ ਉਤੇ ਆਧਾਰਿਤ ਹੈ। ਉਹ ਆਮ ਲੋਕਾਂ ਦੇ ਰਹਿਬਰ ਸਨ ਅਤੇ ਉਨ੍ਹਾਂ ਦਾ ਅਮੀਰ ਜਮਾਤ ਨਾਲ ਕੋਈ ਸਰੋਕਾਰ ਨਹੀਂ ਸੀ। ਬਾਬਾ ਨਾਨਕ ਸ਼ਾਇਦ ਧਾਰਮਿਕ ਜਗਤ ਵਿਚ ਹੋਏ ਪਹਿਲੇ ਰਹਿਬਰ ਸਨ ਜਿਨ੍ਹਾਂ ਨੇ ਆਪਣੀ ਉਪਜੀਵਿਕਾ ਕਰਤਾਰਪੁਰ ਸਾਹਿਬ ਵਿਚ ਆਪਣੇ ਖੇਤਾਂ ਵਿਚ ਹੱਥੀਂ ਕਿਰਤ ਕਰਕੇ ਕਮਾਈ। ਉਨ੍ਹਾਂ ਨੇ ਅਜਿਹਾ ਸਮਾਜਿਕ ਵਰਤਾਰਾ ਸਾਹਮਣੇ ਲਿਆਂਦਾ ਜਿਹੜਾ ਬਰਾਬਰੀ ਅਤੇ ਕਿਰਤ ਦੀ ਮਹਾਨਤਾ ਉਤੇ ਆਧਾਰਿਤ ਸੀ।

ਸਮਾਗਮ ਤੋਂ ਕੁੱਝ ਮਹੀਨੇ ਬਾਅਦ ਅਕਤੂਬਰ 1999 ਵਿਚ ਹੋਈ ਲੋਕ ਸਭਾ ਚੋਣ ਅੰਦਰ ਸ਼੍ਰੋਮਣੀ ਅਕਾਲੀ ਦਲ ਸੂਬੇ ਦੀਆਂ 13 ਸੀਟਾਂ ਵਿਚੋਂ ਸਿਰਫ ਇਕ ਸੀਟ ਹੀ ਜਿੱਤ ਸਕਿਆ। ਇਨ੍ਹਾਂ ਚੋਣਾਂ ਵਿਚ ਨਾ ਸਿਰਫ ਅਕਾਲੀ ਦਲ ਦਾ ਹੀ ਸਫਾਇਆ ਹੋਇਆ ਬਲਕਿ ਸੁਖਬੀਰ ਸਿੰਘ ਬਾਦਲ ਖੁਦ ਫਰੀਦਕੋਟ ਤੋਂ ਲੋਕ ਸਭਾ ਚੋਣ ਹਾਰ ਗਏ ਜਿਥੋਂ ਉਹ 1996 ਅਤੇ 1998 ਦੀ ਚੋਣ ਜਿੱਤੇ ਸਨ। ਮਤਲਬ ਸਾਫ ਹੈ ਕਿ ਸਿੱਖ ਵੋਟਰਾਂ ਨੇ ਬਾਦਲ ਪਰਿਵਾਰ ਵੱਲੋਂ ਤੀਜੀ ਜਨਮ ਸ਼ਤਾਬਦੀ ਦੇ ਸਮਾਗਮਾਂ ਦੇ ਸਿਆਸੀਕਰਨ ਖ਼ਿਲਾਫ਼ ਜ਼ੋਰਦਾਰ ਰੋਸ ਪ੍ਰਗਟਾਇਆ।

ਸਿੱਖ ਸਮਾਜ ਦਾ ਵੱਡਾ ਹਿੱਸਾ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਫ਼ ਪੂਜਾ ਕਰਦਾ ਹੈ, ਇਸ ਤੋਂ ਵੱਧ ਉਸ ਦਾ ਗੁਰਬਾਣੀ ਨਾਲ ਕੋਈ ਵਾਹ-ਵਾਸਤਾ ਨਹੀਂ ਰਹਿ ਗਿਆ ਅਤੇ ਇਸ ਨੇ ਗੁਰੂ ਨਾਨਕ ਦੀ ਵਿਚਾਰਧਾਰਾ ਤੇ ਜੀਵਨ ਜਾਚ ਅਨੁਸਾਰ ਜਿਊਣਾ ਛੱਡ ਦਿੱਤਾ ਹੈ। ਸਿੱਖ ਧਰਮ ਜਿਸ ਦਾ ਆਧਾਰ ਹੀ ਜਾਤ-ਪਾਤ ਰਹਿਤ ਅਤੇ ਊਚ-ਨੀਚ ਮੁਕਤ ਸਮਾਜ ਦਾ ਸੰਕਲਪ ਸੀ, ਅੱਜ ਹਿੰਦੂ ਸਮਾਜ ਵਾਂਗ ਬੁਰੀ ਤਰ੍ਹਾਂ ਜਾਤ-ਪਾਤ ਅਤੇ ਊਚ-ਨੀਚ ਵਰਗੀਆਂ ਅਲਾਮਤਾਂ ਵਿਚ ਗ੍ਰਸਿਆ ਪਿਆ ਹੈ ਜਿਸ ਨੂੰ ਬਾਬਾ ਨਾਨਕ ਨੇ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਸੀ। ਹੋਰ ਤਾਂ ਹੋਰ ਸਿੱਖਾਂ ਨੇ ਤਾਂ ਅੱਜਕੱਲ੍ਹ ਗੁਰਦੁਆਰੇ ਵੀ ਵੱਖ ਵੱਖ ਜਾਤਾਂ ਦੇ ਨਾਮ ਉੱਤੇ ਉਸਾਰਨੇ ਸ਼ੁਰੂ ਕੀਤੇ ਹੋਏ ਹਨ।

ਇਸੇ ਕਰਕੇ ਹੁਣ ਬਾਬੇ ਨਾਨਕ ਦੇ ਪ੍ਰਕਾਸ਼ ਪੁਰਬ ਮੌਕੇ ਉਸ ਦੇ ਸਿੱਖਾਂ ਤੇ ਸਿੱਖ ਸੰਸਥਾਵਾਂ ਦੇ ਆਗੂਆਂ ਨੂੰ ਆਤਮ ਚਿੰਤਨ ਕਰਨਾ ਚਾਹੀਦਾ ਹੈ ਪਰ ਪੁਰਬ ਮਨਾਉਣ ਦਾ ਜ਼ੋਰ 1999 'ਚ ਆਈ ਖਾਲਸਾ ਪੰਥ ਦੀ ਤੀਜੀ ਜਨਮ ਸ਼ਤਾਬਦੀ ਵਾਂਗ ਹੀ ਨਗਰ ਕੀਰਤਨ, ਕਾਨਫਰੰਸਾਂ ਤੇ ਸੈਮੀਨਾਰ ਕਰਵਾਉਣ ਵਰਗੇ ਰਵਾਇਤੀ ਸਮਾਗਮਾਂ ਉਤੇ ਲਾਇਆ ਜਾ ਰਿਹਾ ਹੈ।

ਅੰਗਰੇਜ਼ੀ ਭਾਸ਼ਾ ਵਿਚ ਬਾਬੇ ਨਾਨਕ ਅਤੇ ਸਿੱਖ ਧਰਮ ਬਾਰੇ ਮੁੱਢਲੀ ਜਾਣਕਾਰੀ ਦਿੰਦੀ ਅਜਿਹੀ ਇੱਕ ਵੀ ਕਿਰਤ ਸਾਹਮਣੇ ਨਹੀਂ ਆਈ ਜੋ ਆਮ ਆਦਮੀ ਦੀ ਬੋਲਚਾਲ ਦੀ ਭਾਸ਼ਾ ਵਿਚ ਲਿਖੀ ਗਈ ਹੋਵੇ। ਕੀ ਸਿੱਖ ਅਤੇ ਸਿੱਖ ਸੰਸਥਾਵਾਂ ਇਸ ਪੁਰਬ ਵਾਲੇ ਸਾਲ ਵਿਚ ਬਾਬੇ ਨਾਨਕ ਦਾ ਸਰਬ ਕਲਿਆਣਕਾਰੀ ਸੰਦੇਸ਼ ਦੁਨੀਆ ਭਰ ਵਿਚ ਨਹੀਂ ਲਿਜਾ ਸਕਦੇ ? ਪੰਜਾਬ, ਖਾਸ ਕਰ ਕੇ ਸਿੱਖਾਂ ਵਿਚ ਅੱਜ ਸਭ ਤੋਂ ਵੱਧ ਚਰਚਾ ਦਾ ਵਿਸ਼ਾ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਤੇ ਕਾਬਜ਼ ਬਾਦਲ ਪਰਿਵਾਰ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਪ੍ਰਕਾਸ਼ ਪੁਰਬ ਦੇ ਸਮਾਗਮਾਂ ਨੂੰ ਲੈ ਕੇ ਹੋ ਰਹੀ ਬਿਆਨਬਾਜ਼ੀ ਹੀ ਬਣਿਆ ਹੋਇਆ ਹੈ।

ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਪ੍ਰਧਾਨਗੀ ਵਿਚ 29 ਜੂਨ ਨੂੰ ਸ਼੍ਰੋਮਣੀ ਕਮੇਟੀ ਤੇ ਪੰਜਾਬ ਸਰਕਾਰ ਦੇ ਨੁਮਾਇੰਦਿਆਂ ਵਿਚਕਾਰ ਹੋਈ ਮੀਟਿੰਗ ਵਿਚ ਇਹ ਫੈਸਲਾ ਹੋ ਗਿਆ ਸੀ ਕਿ ਪ੍ਰਕਾਸ਼ ਪੁਰਬ ਦਾ ਮੁੱਖ ਸਮਾਗਮ ਸੁਲਤਾਨਪੁਰ ਲੋਧੀ ਵਿਚ ਸਾਂਝੇ ਤੌਰ ਉਤੇ ਮਨਾਇਆ ਜਾਵੇਗਾ। ਇਸ ਮੀਟਿੰਗ ਦੇ ਅਨੁਸਾਰ, ਪੰਜਾਬ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਦੇ ਸਾਂਝੇ ਵਫਦ ਵੱਲੋਂ ਕੌਮੀ ਤੇ ਕੌਮਾਂਤਰੀ ਹਸਤੀਆਂ ਨੂੰ ਇਸ ਸਮਾਗਮ ਵਿਚ ਸ਼ਾਮਲ ਹੋਣ ਲਈ ਸਾਂਝੇ ਤੌਰ ਉਤੇ ਸੱਦਾ ਦਿੱਤਾ ਜਾਣਾ ਸੀ ਪਰ ਇਸ ਮੀਟਿੰਗ ਤੋਂ ਕੁੱਝ ਘੰਟਿਆਂ ਬਾਅਦ ਹੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਉਨ੍ਹਾਂ ਦੀ ਪਤਨੀ ਤੇ ਕੇਂਦਰੀ ਵਜ਼ੀਰ ਹਰਸਿਮਰਤ ਕੌਰ ਬਾਦਲ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ ਨਾਲ ਲੈ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮੁੱਖ ਸਮਾਗਮ ਵਿਚ ਸ਼ਾਮਲ ਹੋਣ ਦਾ ਸੱਦਾ ਦੇਣ ਚਲੇ ਗਏ। ਇਹੀ ਨੇਤਾ 21 ਸਤੰਬਰ ਨੂੰ ਮੁਲਕ ਦੇ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੂੰ ਵੀ ਮੁੱਖ ਸਮਾਗਮ ਵਿਚ ਸ਼ਾਮਲ ਹੋਣ ਦਾ ਸੱਦਾ ਦੇ ਆਏ।

ਸ਼੍ਰੋਮਣੀ ਕਮੇਟੀ ਤੇ ਇਸ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੀ ਸਮੱਸਿਆ ਤੇ ਮਜਬੂਰੀ ਇਹ ਹੈ ਕਿ ਉਹ ਕਮੇਟੀ ਉਤੇ ਕਾਬਜ਼ ਪਰਿਵਾਰ ਦੀ ਇੱਛਾ ਖ਼ਿਲਾਫ਼ ਇਕ ਵੀ ਕਦਮ ਨਹੀਂ ਪੁੱਟ ਸਕਦੇ। ਪਰਿਵਾਰ ਨਹੀਂ ਚਾਹੁੰਦਾ ਕਿ ਉਨ੍ਹਾਂ ਦੀ ਸਰਦਾਰੀ ਤੋਂ ਬਗੈਰ ਸ਼੍ਰੋਮਣੀ ਕਮੇਟੀ ਕੋਈ ਸਮਾਗਮ ਕਰੇ। ਪੰਜਾਬ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ ਪੁਰਬ ਦਾ ਮੁੱਖ ਸਮਾਗਮ ਸਾਂਝੇ ਤੌਰ ਉਤੇ ਮਨਾਉਣ ਵਿਚ ਇਹੀ ਸਭ ਤੋਂ ਵੱਡਾ ਅੜਿੱਕਾ ਹੈ; ਹਾਲਾਂਕਿ ਪੰਜਾਬ ਗੁਰਦੁਆਰਾ ਐਕਟ-1925 ਤਹਿਤ ਬਣੀ ਸ਼੍ਰੋਮਣੀ ਕਮੇਟੀ ਸੰਵਿਧਾਨਿਕ ਸੰਸਥਾ ਹੈ ਜਿਸ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਇਹ ਆਪਣਾ ਕੰਮਕਾਜ ਬਗੈਰ ਕਿਸੇ ਦਬਾਅ ਤੋਂ ਆਜ਼ਾਦ ਅਤੇ ਖੁਦਮੁਖ਼ਤਾਰ ਸੰਸਥਾ ਵਜੋਂ ਕਰੇਗੀ।1999 ਵਿਚ ਖਾਲਸਾ ਪੰਥ ਦੀ ਤੀਜੀ ਜਨਮ ਸ਼ਤਾਬਦੀ ਸਮੇਂ ਵੀ ਇਹੋ ਕੁੱਝ ਹੋਇਆ ਸੀ। ਉਸ ਵੇਲੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਉਨ੍ਹਾਂ ਦੀ ਚੱਲ ਰਹੀ ਠੰਢੀ ਜੰਗ ਅਤੇ ਕਸ਼ਮਕਸ਼ ਨੂੰ ਦੇਖਦਿਆਂ ਅਕਾਲ ਤਖਤ ਨੇ 31 ਦਸੰਬਰ 1998 ਨੂੰ ਹੁਕਮਨਾਮਾ ਜਾਰੀ ਕੀਤਾ ਕਿ ਦੋਵੇਂ ਧਿਰਾਂ 15 ਅਪਰੈਲ 1999 ਤੱਕ ਆਪਸੀ ਤਕਰਾਰ ਬੰਦ ਕਰਨ, ਕੋਈ ਧਿਰ ਦੂਜੀ ਦਾ ਨੁਕਸਾਨ ਨਾ ਕਰੇ ਅਤੇ 13 ਅਪਰੈਲ 1999 ਨੂੰ ਖਾਲਸਾ ਪੰਥ ਦੀ ਤੀਜੀ ਸ਼ਤਾਬਦੀ ਦਾ ਮੁੱਖ ਸਮਾਗਮ ਰਲ-ਮਿਲ ਕੇ ਮਨਾਇਆ ਜਾਵੇ ਪਰ ਉਸ ਵਕਤ ਵੀ ਦੋ ਵੱਖ ਵੱਖ ਸਮਾਗਮ ਹੋਏ।ਉਂਜ, ਮਸਲੇ ਦਾ ਦਿਲਚਸਪ ਪਹਿਲੂ ਇਹ ਹੈ ਕਿ ਪ੍ਰਕਾਸ਼ ਸਿੰਘ ਬਾਦਲ ਇਸ ਇਤਿਹਾਸਕ ਸਮਾਗਮ ਦਾ ਸਿਆਸੀ ਲਾਹਾ ਲੈਣ ਵਿਚ ਬੁਰੀ ਤਰ੍ਹਾਂ ਨਾਕਾਮ ਰਹੇ। ਇਸ ਸਮਾਗਮ ਤੋਂ ਕੁੱਝ ਮਹੀਨੇ ਬਾਅਦ ਅਕਤੂਬਰ 1999 ਵਿਚ ਹੋਈ ਲੋਕ ਸਭਾ ਚੋਣ ਅੰਦਰ ਸ਼੍ਰੋਮਣੀ ਅਕਾਲੀ ਦਲ ਸੂਬੇ ਦੀਆਂ 13 ਸੀਟਾਂ ਵਿਚੋਂ ਸਿਰਫ ਇਕ ਸੀਟ ਹੀ ਜਿੱਤ ਸਕਿਆ। ਇਨ੍ਹਾਂ ਚੋਣਾਂ ਵਿਚ ਨਾ ਸਿਰਫ ਅਕਾਲੀ ਦਲ ਦਾ ਹੀ ਸਫਾਇਆ ਹੋਇਆ ਬਲਕਿ ਸੁਖਬੀਰ ਸਿੰਘ ਬਾਦਲ ਖੁਦ ਫਰੀਦਕੋਟ ਤੋਂ ਲੋਕ ਸਭਾ ਚੋਣ ਹਾਰ ਗਏ ਜਿਥੋਂ ਉਹ 1996 ਅਤੇ 1998 ਦੀ ਚੋਣ ਜਿੱਤੇ ਸਨ। ਮਤਲਬ ਸਾਫ ਹੈ ਕਿ ਸਿੱਖ ਵੋਟਰਾਂ ਨੇ ਬਾਦਲ ਪਰਿਵਾਰ ਵੱਲੋਂ ਤੀਜੀ ਜਨਮ ਸ਼ਤਾਬਦੀ ਦੇ ਸਮਾਗਮਾਂ ਦੇ ਸਿਆਸੀਕਰਨ ਖ਼ਿਲਾਫ਼ ਜ਼ੋਰਦਾਰ ਰੋਸ ਪ੍ਰਗਟਾਇਆ।

ਲੋਕਾਂ ਵਿਚ ਚਰਚਾ ਦਾ ਵਿਸ਼ਾ ਹੁਣ ਇਹ ਹੈ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਇਸ ਉੱਤੇ ਹਾਵੀ ਪਰਿਵਾਰ, ਗੁਰੂ ਨਾਨਕ ਦੇ ਪ੍ਰਕਾਸ਼ ਪੁਰਬ ਦੇ ਸਮਾਗਮਾਂ ਰਾਹੀਂ ਆਪਣੇ ਉਤੇ ਸਾਲ 2015 ਵਿਚ ਹੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਲੱਗੇ ਧੱਬੇ ਨੂੰ ਧੋਣਾ ਚਾਹੁੰਦਾ ਹੈ ਪਰ ਇਹ ਦੋਸ਼ ਸਿੱਖ ਮਾਨਸਿਕਤਾ ਦੇ ਅੰਦਰ ਬਹੁਤ ਡੂੰਘੇ ਉਕਰੇ ਗਏ ਹਨ। ਬੇਅਦਬੀ ਦੀਆਂ ਘਟਨਾਵਾਂ ਸਮੇਂ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਅਤੇ ਸੁਖਬੀਰ ਸਿੰਘ ਬਾਦਲ ਉਪ ਮੁੱਖ ਮੰਤਰੀ ਤੇ ਗ੍ਰਹਿ ਮੰਤਰੀ ਸਨ। ਬਰਗਾੜੀ ਵਿਚ ਹੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਜੜ੍ਹਾਂ ਵੋਟਾਂ ਦੀ ਗਿਣਤੀ ਮਿਣਤੀ ਵਿਚ ਲੱਗੀਆਂ ਹੋਈਆਂ ਹਨ ਜਿਸ ਤਹਿਤ ਉਸ ਵੇਲੇ ਦੀ ਸੱਤਾਧਾਰੀ ਪਾਰਟੀ ਡੇਰਾ ਸੱਚਾ ਸੌਦਾ ਦੇ ਹਮਾਇਤੀਆਂ ਦੀਆਂ ਵੋਟਾਂ ਹਾਸਲ ਕਰਨਾ ਚਾਹੁੰਦੀ ਸੀ। ਕਾਂਗਰਸ ਸਰਕਾਰ ਬਣਨ ਤੋਂ ਬਾਅਦ ਡੇਰਾ ਸੱਚਾ ਸੌਦਾ ਦੇ ਹਮਾਇਤੀ ਹੀ ਬੇਅਦਬੀ ਦੇ ਦੋਸ਼ਾਂ ਵਿਚ ਗ੍ਰਿਫਤਾਰ ਕੀਤੇ ਗਏ।

ਡੇਰਾ ਸੱਚਾ ਸੌਦਾ ਦੇ ਹਮਾਇਤੀਆਂ ਦੀਆਂ ਵੋਟਾਂ ਹਾਸਲ ਕਰਨ ਦੀ ਲੋਕ ਮਨਾਂ ਵਿਚ ਵਸੀ ਧਾਰਨਾ ਉਸ ਸਮੇਂ ਹੋਰ ਪੱਕੀ ਹੋ ਗਈ ਜਦੋਂ ਇਹ ਦੋਸ਼ ਲੱਗੇ ਕਿ ਬਾਦਲ ਦੇ ਮੁੱਖ ਮੰਤਰੀ ਹੁੰਦਿਆਂ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਆਪਣੀ ਸਰਕਾਰੀ ਰਿਹਾਇਸ਼ ਉਤੇ ਤਲਬ ਕਰਕੇ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਮੁਆਫੀ ਦੇਣ ਦਾ ਹੁਕਮ ਦਿੱਤਾ। ਇਸ ਬਾਰੇ ਵੀ ਗੱਲ ਪੂਰੀ ਤਰ੍ਹਾਂ ਸਪਸ਼ਟ ਨਹੀਂ ਹੋਈ। ਸਰਕਾਰੀ ਰਿਹਾਇਸ਼ ਤੇ ਜਥੇਦਾਰਾਂ ਨੂੰ ਤਲਬ ਕਰਨਾ ਸਿੱਖ ਮਰਿਆਦਾ ਅਤੇ ਰਵਾਇਤਾਂ ਦੀ ਘੋਰ ਉਲੰਘਣਾ ਹੈ। ਬਾਦਲ ਪਰਿਵਾਰ ਵੱਲੋਂ ਸੱਤਾ ਤੋਂ ਬਾਹਰ ਹੋਣ ਤੋਂ ਬਾਅਦ ਸ੍ਰੀ ਦਰਬਾਰ ਸਾਹਿਬ ਵਿਖੇ ਸ਼ਰਧਾਲੂਆਂ ਦੇ ਜੋੜੇ ਅਤੇ ਲੰਗਰ ਦੇ ਬਰਤਨ ਸਾਫ ਕਰਨ ਦੀ ਸੇਵਾ ਕਰਕੇ ਅਣਜਾਣੇ ਵਿਚ ਹੋਈਆਂ ਭੁੱਲਾਂ ਦੀ ਮੁਆਫੀ ਮੰਗਣ ਨੂੰ ਸਿੱਖ ਸਮਾਜ ਦੇ ਵੱਡੇ ਹਿੱਸੇ ਨੇ ਸਵੀਕਾਰ ਨਹੀਂ ਕੀਤਾ ਹੈ। ਬਾਦਲ ਪਰਿਵਾਰ ਨੇ ਅੱਜ ਤੱਕ ਇਹ ਵੀ ਨਹੀਂ ਦੱਸਿਆ ਕਿ ਉਨ੍ਹਾਂ ਨੇ ਇਹ 'ਸੇਵਾ' ਕਿਸ ਗ਼ਲਤੀ ਬਦਲੇ ਕੀਤੀ ਸੀ।ਉਂਜ, ਇਸ ਇਤਿਹਾਸਕ ਮੌਕੇ ਸਭ ਤੋਂ ਮਹੱਤਵਪੂਰਨ ਨੁਕਤਾ ਸਿੱਖ ਸਮਾਜ ਦਾ ਗੁਰੂ ਨਾਨਕ ਦੇ ਸਨਮੁੱਖ ਹੋਣ ਦਾ ਹੈ। ਇਸ ਦੀ ਸ਼ੁਰੂਆਤ ਜਾਤ-ਪਾਤ ਦੇ ਆਧਾਰ 'ਤੇ ਬਣੇ ਗੁਰਦੁਆਰਾ ਸਾਹਿਬਾਨ ਅਤੇ ਸ਼ਮਸ਼ਾਨ ਘਾਟ ਬੰਦ ਕਰਨ ਨਾਲ ਹੋ ਸਕਦੀ ਹੈ। ਜਾਤ-ਪਾਤ ਦੇ ਆਧਾਰ ਉਤੇ ਬਣੇ ਗੁਰਦੁਆਰਾ ਸਾਹਿਬਾਨ ਅਤੇ ਸ਼ਮਸ਼ਾਨ ਘਾਟਾਂ ਪਹਿਲੀ ਪਾਤਿਸ਼ਾਹੀ ਦੀ ਵਿਚਾਰਧਾਰਾ ਦੇ ਬਿਲਕੁਲ ਉਲਟ ਹਨ। ਇਸ ਪ੍ਰਕਾਸ਼ ਪੁਰਬ ਮੌਕੇ ਜੁੜੀ ਸਿੱਖ ਸੰਗਤ ਨੂੰ ਇਸ ਬਾਬਤ ਗੁਰਮਤਾ ਕਰਨਾ ਚਾਹੀਦਾ ਹੈ।



# ਬੱਚਿਆਂ ਵਿਚ ਮੁੱਢ ਤੋਂ ਹੀ ਪਾਓ ਚੰਗੀਆਂ ਆਦਤਾਂ

> ਵੱਡੀ ਮੁਸੀਬਤ ਹੈ ਅੱਜ ਦੇ ਸਮੇਂ ਵਿਚ ‘ਜੰਕ ਫ਼ੂਡ, ਟਾਫ਼ੀਆਂ ਅਤੇ ਸਨੈਕਸ’। ਜੋ ਵੀ ਘਰ ਵਿਚ ਪੱਕਿਆ, ਉਹੀ ਖਵਾਓ ਤਾਂ ਜੋ ਉਨ੍ਹਾਂ ਦੇ ਮੂੰਹ ਨੂੰ ਸਾਰੇ ਭੋਜਨ ਲੱਗ ਜਾਣ ਤੇ ਬਾਹਰ ਦਾ ਖਾਣ ਦੀ ਉਨ੍ਹਾਂ ਵਿਚ ਲਾਲਸਾ ਨਾ ਵਧੇ। ਅਸੀਂ ਸ਼ਾਕ ਨਾਲ ਉਨ੍ਹਾਂ ਨੂੰ ਬਾਹਰੋਂ ਵੰਨ-ਸੁਵੰਨੀਆਂ ਚੀਜ਼ਾਂ ਲਿਆ ਕੇ ਪਰੋਸਦੇ ਹਾਂ।

ਬੱਚਾ ਆਪਣੇ ਮਾਂ-ਬਾਪ, ਪਰਿਵਾਰ ਅਤੇ ਆਲੇ-ਦੁਆਲੇ ਤੋਂ ਹਮੇਸ਼ਾ ਹੀ ਸਿੱਖਦਾ ਰਹਿੰਦਾ ਹੈ, ਜੋ ਕੁਦਰਤ ਦਾ ਨਿਯਮ ਵੀ ਹੈ। ਉਹ ਚੰਗੇ-ਬੁਰੇ ਤੋਂ ਬੇਖਬਰ ਹੁੰਦਾ ਹੈ। ਜੋ ਵੀ ਦੇਖਦਾ ਹੈ, ਉਹੀ ਸਿੱਖਦਾ ਹੈ। ਇਥੇ ਮਾਂ ਜਾਂ ਬਾਪ ਹੋਣ ਦੇ ਨਾਤੇ ਸਾਡਾ ਪਹਿਲਾ ਫ਼ਰਜ਼ ਇਹੀ ਬਣਦਾ ਹੈ ਕਿ ਉਸ ਦੀ ਸਿੱਖਣ ਪ੍ਰਕਿਰਿਆ ਉੱਤੇ ਨਿਗਰਾਨੀ ਰੱਖੀ ਜਾਵੇ ਕਿ ਉਹ ਕੀ ਅਨੁਕਰਣ ਕਰਦਾ ਹੈ, ਜੇ ਸਹੀ ਹੈ ਤਾਂ ਸਿੱਖਣ ਦਿਓ, ਨਹੀਂ ਤਾਂ ਉਸ ਨੂੰ ਮੋੜੋ। ਸਾਨੂੰ ਕੁਝ ਵੀ ਵਾਧੂ ਨਹੀਂ ਸਿਖਾਉਣਾ ਚਾਹੀਦਾ, ਕਿਉਂਕਿ ਸਿੱਖਣ ਲਈ ਤਾਂ ਉਹ ਆਪ ਹੀ ਬਹੁਤ ਉਤਾਵਲਾ ਹੁੰਦਾ ਹੈ, ਸਾਡਾ ਫ਼ਰਜ਼ ਹੈ ਉਸ ਦੇ ਚੰਗੇ ਜਾਂ ਬੁਰੇ ਪ੍ਰਭਾਵਾਂ ‘ਤੇ ਪਹਿਰਾ ਦੇਣਾ। ਜਦ ਉਹ ਥੋੜ੍ਹਾ ਜਿਹਾ ਪ੍ਰਪੱਕ ਹੋਣ ਲੱਗੇ ਤਾਂ ਸਾਨੂੰ ਉਸ ਵਿਚ ਚੰਗੀਆਂ ਆਦਤਾਂ ਵਿਕਸਿਤ ਕਰਨੀਆਂ ਚਾਹੀਦੀਆਂ ਹਨ। ਨਿੱਕਾ ਬੱਚਾ ਸਭ ਨੂੰ ਪਿਆਰਾ ਲਗਦਾ ਹੈ। ਉਸ ਦੀਆਂ ਗੱਲਾਂ ਵੀ ਸਭ ਨੂੰ ਮੋਂਹਦੀਆਂ ਹਨ ਪਰ ਕਈ ਵਾਰ ਜੇ ਬੱਚਾ ਕੋਈ ਮਾੜੀ ਗੱਲ ਜਾਂ ਹਰਕਤ ਵੀ ਕਰਦਾ ਹੈ ਜਾਂ ਗਲਤ ਸ਼ਰਾਰਤ ਕਰਦਾ ਹੈ ਤਾਂ ਅਸੀਂ ਉਸ ਨੂੰ ਦੇਖ ਕੇ ਹੱਸਦੇ ਹਾਂ, ਉਸ ਨੂੰ ਟੋਕਣ ਦੀ ਥਾਂ ਉਸ ਦੀਆਂ ਹਰਕਤਾਂ ਨੂੰ ਉਤਸ਼ਾਹਿਤ ਕਰਕੇ ਉਸ ਤੋਂ ਵਾਰ-ਵਾਰ ਉਹੀ ਨਕਲ ਕਰਾਉਂਦੇ ਹਾਂ ਪਰ ਅੱਗੇ ਜਾ ਕੇ ਉਸ ਦਾ ਅੰਜਾਮ ਗਲਤ ਨਿਕਲਦਾ ਹੈ।

ਬੱਚਾ ਜਦ ਸੁਰਤ ਸੰਭਾਲਦਾ ਹੈ, 2-3 ਵਰ੍ਹਿਆਂ ਦਾ ਹੁੰਦਾ ਹੈ ਤਾਂ ਸਾਨੂੰ ਉਸ ਦੀਆਂ ਆਦਤਾਂ ਦਾ ਬਰੀਕੀ ਨਾਲ ਨਿਰੀਖਣ ਕਰਕੇ ਇਹ ਅੰਦਾਜ਼ਾ ਲਗਾ ਲੈਣਾ ਚਾਹੀਦਾ ਹੈ ਕਿ ਉਹ ਸਹੀ ਪਾਸੇ ਜਾ ਰਿਹਾ ਹੈ ਜਾਂ ਗਲਤ। ਉਸ ਨੂੰ ਹਰ ਰੋਜ਼ ਕਦਮ-ਕਦਮ ‘ਤੇ ਇਕ-ਇਕ ਕਰਕੇ ਕੋਈ ਵਧੀਆ ਆਦਤ ਤੇ ਸੰਸਕਾਰ ਸਿਖਾਇਆ ਜਾਵੇ, ਖਾਣ-ਪੀਣ ਦਾ, ਬੈਠਣ-ਉਠਣ ਦਾ, ਬੋਲਣ-ਚੱਲਣ ਦਾ ਢੰਗ ਸੋਧਿਆ ਜਾਵੇ। ਬੱਚੇ ਇਕਦਮ ਸਖਤੀ ਨਾਲ ਨਹੀਂ ਸਿੱਖਦੇ, ਬੱਚੇ ਨਕਲ ਕਰਕੇ ਸਿੱਖਦੇ ਹਨ। ਜਿਵੇਂ ਅਸੀਂ ਕਰਾਂਗੇ, ਉਵੇਂ ਹੀ ਉਹ ਸਿੱਖਦੇ ਹਨ, ਜਿਵੇਂ ਅਸੀਂ ਬੋਲਾਂਗੇ, ਉਠਾਂਗੇ, ਬੈਠਾਂਗੇ, ਖਾਵਾਂਗੇ, ਪੀਵਾਂਗੇ, ਦੂਜਿਆਂ ਨਾਲ ਵਿਚਰਾਂਗੇ, ਉਵੇਂ ਹੀ ਕਰਨਗੇ। ਇਸ ਲਈ ਸਾਨੂੰ ਖੁਦ ਨੂੰ ਉਨ੍ਹਾਂ ਦਾ ਸ਼ੀਸ਼ਾ ਬਣਨਾ ਪਵੇਗਾ। ਥੋੜ੍ਹਾ ਜਿਹਾ ਹੋਰ ਵੱਡਾ ਹੋਣ ਲਗਦਾ ਹੈ 4-5 ਕੁ ਵਰ੍ਹਿਆਂ ਦਾ, ਤਾਂ ਹੋਰ ਆਲੇ-ਦੁਆਲੇ ਨੂੰ ਸਵਾਰ ਕੇ ਰੱਖਣ ਦੀਆਂ ਆਦਤਾਂ ਪਾਓ, ਜਿਵੇਂ ਕਿ ਹਰ ਚੀਜ਼ ਟਿਕਾਣੇ ‘ਤੇ ਰੱਖਣੀ, ਆਪਣੀਆਂ ਚੀਜ਼ਾਂ ਤੇ ਖਿਡੌਣਿਆਂ ਨੂੰ ਸੰਭਾਲ ਕੇ ਰੱਖਣਾ, ਕੁਝ ਵੀ ਖਾ ਕੇ ਬਰਤਨ ਜਾਂ ਲਿਫ਼ਾਫ਼ਾ ਵਗੈਰਾ ਉਥੇ ਹੀ ਨਹੀਂ ਸੁੱਟਣਾ, ਸਫ਼ਾਈ ਬਾਰੇ ਵੀ ਜਾਗਰੂਕ ਕਰਨਾ ਆਦਿ ਕਈ ਗੱਲਾਂ।

ਮੁੱਢ ਤੋਂ ਇਕ ਹੋਰ ਅਹਿਮ ਗਲਤ ਆਦਤ ਤੋਂ ਉਸ ਨੂੰ ਦੂਰ ਰੱਖਣਾ ਜੋ ਕਿ ਅੱਜ ਦੇ ਯੁੱਗ ਦੀ ਵੱਡੀ ਸਮੱਸਿਆ ਹੈ, ਉਹ ਹੈ ‘ਮੋਬਾਈਲ ਫ਼ੋਨ’। ਕਈ ਵਾਰ ਅਸੀਂ ਖੇਡਣ ਦੇ ਤੌਰ ‘ਤੇ ਬੱਚਿਆਂ ਨੂੰ ਫ਼ੋਨ ਦੇ ਦਿੰਦੇ ਹਾਂ ਤੇ ਬੱਚਿਆ ਨੂੰ ਵੀ ਬਹੁਤ ਜ਼ਬਰਦਸਤ ਚਸਕਾ ਲੱਗ ਜਾਂਦਾ ਹੈ ਕਿ ਫ਼ੋਨ ਤੋਂ ਬਿਨਾਂ ਨਾ ਖਾਣਾ, ਨਾ ਪੀਣਾ, ਨਾ ਕੋਈ ਹੋਰ ਕੰਮ ਦੇ ਆਖੇ ਲੱਗਣਾ। ਬਾਅਦ ‘ਚ ਮਾਪਿਆਂ ਨੂੰ ਖੁਦ ਦੀ ਸਹੇੜੀ ਮੁਸੀਬਤ ਬਹੁਤ ਤੰਗ ਕਰਦੀ ਹੈ। ਇਸ ਲਈ ਕੋਸ਼ਿਸ਼ ਇਹੀ ਹੋਵੇ ਕਿ ਬੱਚਿਆਂ ਦੀ ਮੌਜੂਦਗੀ ਵਿਚ ਫ਼ੋਨ ਜਾਂ ਟੀ.ਵੀ. ਦੀ ਬਹੁਤ ਹੀ ਘੱਟ ਵਰਤੋਂ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਦੀ ਪਹੁੰਚ ਤੋਂ ਪਾਸੇ ਹੀ ਰੱਖਣਾ ਚਾਹੀਦਾ ਹੈ। ਦੂਜੀ ਵੱਡੀ ਮੁਸੀਬਤ ਹੈ ਅੱਜ ਦੇ ਸਮੇਂ ਵਿਚ ‘ਜੰਕ ਫ਼ੂਡ, ਟਾਫ਼ੀਆਂ ਅਤੇ ਸਨੈਕਸ’। ਜੋ ਵੀ ਘਰ ਵਿਚ ਪੱਕਿਆ, ਉਹੀ ਖਵਾਓ ਤਾਂ ਜੋ ਉਨ੍ਹਾਂ ਦੇ ਮੂੰਹ ਨੂੰ ਸਾਰੇ ਭੋਜਨ ਲੱਗ ਜਾਣ ਤੇ ਬਾਹਰ ਦਾ ਖਾਣ ਦੀ ਉਨ੍ਹਾਂ ਵਿਚ ਲਾਲਸਾ ਨਾ ਵਧੇ। ਅਸੀਂ ਸ਼ਾਕ ਨਾਲ ਉਨ੍ਹਾਂ ਨੂੰ ਬਾਹਰੋਂ ਵੰਨ-ਸੁਵੰਨੀਆਂ ਚੀਜ਼ਾਂ ਲਿਆ ਕੇ ਪਰੋਸਦੇ ਹਾਂ। ਬਸ ਫ਼ਿਰ ਜੋ ਇਕ ਵਾਰ ਮੂੰਹ ਨੂੰ ਸਵਾਦ ਲੱਗ ਗਿਆ, ਉਸ ਤੋਂ ਖਹਿੜਾ ਛੁਡਾਉਣਾ ਨਾਮੁਮਕਿਨ ਹੈ ਤੇ ਘਰੇਲੂ ਭੋਜਨ ਤੋਂ ਬੱਚਾ ਮੂੰਹ ਮੋੜ ਲੈਂਦਾ ਹੈ ਤੇ ਇਸ ਗੱਲ ਦੇ ਜੋ ਸਰੀਰਕ ਤੇ ਬੌਧਿਕ ਨੁਕਸਾਨ ਹਨ, ਉਹ ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ। ਜੇ ਇਨ੍ਹਾਂ ਚੀਜ਼ਾਂ ਤੋਂ ਬੱਚਾ ਵਾਕਿਫ਼ ਨਹੀਂ, ਅਸੀਂ ਉਹਨੂੰ ਵਾਕਿਫ਼ ਕਿਉਂ ਕਰਾਉਂਦੇ ਹਾਂ?

ਬਾਕੀ ਰਹੀ ਗੱਲ ਆਦਤਾਂ ਅਤੇ ਸੰਸਕਾਰਾਂ ਦੀ ਤਾਂ ਇਹ ਸਾਡੀ ਪਲ-ਪਲ ਦੀ ਮਿਹਨਤ ਹੁੰਦੀ ਹੈ, ਅਸੀਂ ਬੱਚੇ ਦੀ ਕੋਈ ਵੀ ਚੰਗੀ-ਬੁਰੀ ਗੱਲ ਨਜ਼ਰਅੰਦਾਜ਼ ਨਹੀਂ ਕਰ ਸਕਦੇ, ਕਿਉਂਕਿ ਜੋ ਆਦਤ ਇਕ ਵਾਰ ਪੱਕ ਗਈ, ਉਸ ਨੂੰ ਬਦਲਣਾ ਬਹੁਤ ਮੁਸ਼ਕਿਲ ਹੈ, ਜਿਸ ਨਾਲ ਬੱਚੇ ਨੂੰ ਵੀ ਕਈ ਵਾਰ ਕੁੱਟ ਜਾਂ ਝਿੜਕਾਂ ਪੈਂਦੀਆਂ ਹਨ, ਜਿਸ ਨਾਲ ਉਹ ਹੋਰ ਬਾਗ਼ੀ ਹੋ ਜਾਂਦਾ ਹੈ ਤੇ ਅਸੀਂ ਵੀ ਪ੍ਰੇਸ਼ਾਨ ਹੁੰਦੇ ਹਾਂ। ਸੋ ਕੁਦਰਤ ਦੇ ਨਿਯਮਾਂ ਅਨੁਸਾਰ ਚਲਦੇ ਹੋਏ ਮਸ਼ੀਨੀ ਯੁੱਗ ਵਿਚੋਂ ਨਿਕਲ ਕੇ ਬੱਚੇ ਨੂੰ ਕੁਦਰਤੀ ਰੂਪ ਵਿਚ ਸਿਖਾਓ, ਤਾਂ ਜੋ ਬੱਚੇ ਦਾ, ਮਾਪਿਆਂ ਦਾ ਤੇ ਕੁਦਰਤ ਦਾ ਕੋਈ ਨੁਕਸਾਨ ਨਾ ਹੋਵੇ।

# ਜੰਨਤ ਦਾ ਪਰਛਾਵਾਂ ਮਾਂ



ਪਤਾ ਹੀ ਨਹੀਂ ਲੱਗਿਆ ਕਦ ਬਚਪਨ ਬੀਤਿਆ, ਜਵਾਨੀ ਚੜ੍ਹੀ ਤੇ ਬੁਢਾਪੇ ਨੇ ਦਸਤਕ ਦੇ ਦਿੱਤੀ। ਪਰ ਅੱਜ ਵੀ ਜਦ ਕਿਤੇ ਬੀਤੇ ’ਤੇ ਝਾਤ ਮਾਰਦਾਂ ਸਭ ਕੁੱਝ ਸਾਹਮਣੇ ਆ ਜਾਂਦੈ ਤੇ ਇੰਜ ਪ੍ਰਤੀਤ ਹੁੰਦਾ, ਜਿਵੇਂ ਸਭ ਕੁੱਝ ਕੱਲ੍ਹ ਦੀ ਹੀ ਗੱਲ ਹੋਵੇ। ਉਮਰ ਦੇ ਇਸ ਪੜਾਅ ’ਤੇ ਆ ਕੇ ਬੀਤੀ ਜ਼ਿੰਦਗੀ ਦੇ ਸਬਕ ਤੇ ਯਾਦਾਂ ਇੰਜ ਆ ਗਲਵੱਕੜੀ ਪਾਉਂਦੇ ਨੇ ਤੇ ਦਿਲ ਕਰਦਾ ਕਾਸ਼! ਉਹ ਸਮਾਂ ਵਾਪਸ ਆ ਜਾਵੇ। ਜ਼ਿੰਦਗੀ ਦੇ ਇਸ ਸਫ਼ਰ ਦੌਰਾਨ ਇਨਸਾਨ ਅਨੇਕਾਂ ਰਿਸ਼ਤੇ ਜੋੜਦਾ, ਬਣਾਉਂਦਾ। ਕੁੱਝ ਦਾ ਸਾਥ ਛੁੱਟਦਾ ਜਾਂਦਾ ਤੇ ਕੁੱਝ ਨਾਲ ਜੁੜਦੇ ਜਾਂਦੇ ਨੇ। ਮੇਰੀਆਂ ਯਾਦਾਂ ਵਿੱਚ ਇੱਕ ਅਜਿਹਾ ਹੀ ਰਿਸ਼ਤਾ ਹੈ, ਉਹ ਹੈ ਮੇਰੀ ਦਾਦੀ। ਆਪਣੇ ਬੱਚਿਆਂ ਲਈ ਮਾਂ-ਬਾਪ ਦੀ ਘਾਲਣਾ ਆਪਣੀ ਥਾਂ ਹੈ ਪਰ ਜੋ ਸਿੱਖਿਆ, ਸਬਕ, ਲੋਰੀਆਂ, ਬਾਤਾਂ ਦਾਦੀ ਸੁਣਾਉਂਦੀ ਹੈ, ਉਨ੍ਹਾਂ ਦੀ ਜਗ੍ਹਾ ਕੋਈ ਨਹੀਂ ਲੈ ਸਕਦਾ। ਮਾਂ-ਬਾਪ ਦਾ ਜ਼ਿਕਰ ਆਪਾਂ ਅਕਸਰ ਸੁਣਦੇ ਹਾਂ ਪਰ ਦਾਦੀ ਦਾ ਸਾਡੇ ਵਿਅਕਤੀਤਵ ਤੇ ਸ਼ਖ਼ਸੀਅਤ ਨੂੰ ਨਿਖਾਰਨ ਵਿੱਚ ਵਡਮੁੱਲਾ ਯੋਗਦਾਨ ਹੁੰਦਾ ਹੈ। ਛੋਟੇ ਸਾਹਿਬਜ਼ਾਦਿਆਂ ਦੀ ਧਰਮ ਪ੍ਰਤੀ ਅਡੋਲਤਾ ਤੇ ਵਿਸ਼ਵਾਸ ਦਾਦੀ ਮਾਤਾ ਗੁਜਰੀ ਦੀ ਦੇਣ ਸੀ। ਮੈਨੂੰ ਅੱਜ ਵੀ ਯਾਦ ਹੈ ਮਾਘੀ ਦਾ ਉਹ ਦਿਨ ਦਾਦੀ ਨੇ ਤਾਰਿਆਂ ਛਾਵੇਂ ਹੀ ਸਾਨੂੰ ਉਠਾ ਲੈਣਾ ਤੇ ਘੜੀਸਦੇ ਹੋਏ ਨੇੜੇ ਵਗਦੇ ਕਿਲੋਮੀਟਰ ਦੀ ਵਿੱਥੇ ਰਾਵੀ ਦਰਿਆ ਕਿਨਾਰੇ ਨਹਾ ਕੇ ਲਿਆਉਣਾ। ਉਸ ਤੋਂ ਬਾਅਦ ਬਚੀ ਰਹੁ ਦੀ ਖੀਰ, ਖਿਚੜੀ ਤੇ ਸਾਗ ਖਵਾਉਣਾ ਤੇ ਕਹਿਣਾ ‘ਪੋਹ ਰਿੱਧੀ, ਮਾਘ ਖਾਧੀ’। ਇਹ ਸਾਰਾ ਕੰਮ ਸੂਰਜ ਚੜ੍ਹਣ ਤੋਂ ਪਹਿਲਾਂ ਹੋ ਜਾਂਦਾ ਸੀ। ਉਸ ਸਮੇਂ ਤਕ ਅਸੀਂ ਦਾਦੀ ਦੇ ਤਿੰਨ-ਚਾਰ ਪੋਤਰੇ-ਪੋਤਰੀਆਂ ਸੀ ਭਾਵੇਂ ਮੈਂ ਦੂਜੇ ਨੰਬਰ ’ਤੇ ਸੀ ਪਰ ਉਨ੍ਹਾਂ ਕੋਲ ਰਹਿਣ ਵਾਲਿਆਂ ਵਿੱਚੋਂ ਮੈਂ ਸਭ ਤੋਂ ਵੱਡਾ ਸੀ। ਪਿੰਡ ਰਾਵੀ ਦੇ ਕੰਢੇ ਹੋਣ ਕਰਕੇ ਬੱਸ ਨਜ਼ਦੀਕ ਤੋਂ ਨਜ਼ਦੀਕ 10 ਕਿਲੋਮੀਟਰ ਦੂਰ ਆਉਂਦੀ ਸੀ। ਸਾਰਾ ਰਸਤਾ ਕੱਚਾ ਸੀ ਤੇ ਵਿਚਕਾਰ ਕਿਰਨ ਨਦੀ ਲੰਘਣੀ ਪੈਂਦੀ ਸੀ, ਜਿਸ ਵਿੱਚ ਸਮੇਂ ਸਿਰ ਹੜ੍ਹ ਵੀ ਆਉਂਦੇ ਰਹੇ। ਦਾਦੀ ਨੇ ਮੋਢਿਆਂ ’ਤੇ ਚੁੱਕ ਕੇ ਨਦੀ ਪਾਰ ਕਰਾਉਣੀ, ਕਈ ਵਾਰ ਅਸੀਂ ਖ਼ੁਦ ਵੀ ਕਰਦੇ ਪਰ ਇਸ ਲਈ ਸਾਨੂੰ ਜੁਰਾਬਾਂ, ਬੂਟ ਉਤਾਰਨੇ ਪੈਂਦੇ। ਰਸਤਾ ਲੰਮਾ ਹੋਣ ਕਰਕੇ ਕਈ ਵਾਰ ਅਸੀਂ ਰਸਤੇ ਵਿੱਚ ਬਿੱਟਰ ਜਾਣਾ ਤੇ ਉਨ੍ਹਾਂ ਗਦੇੜੇ ਚੁੱਕ ਕੇ ਲੈ ਜਾਣਾ। ਰਾਹ ਵਿੱਚ ਦੱਬ, ਸਰਕੰਡਾ, ਚਿੱਕੜ ਹੁੰਦਾ ਤੇ ਬਰਸਾਤਾਂ ਵਿੱਚ ਤਾਂ ਉੱਥੋਂ ਦੀ ਸਾਈਕਲ ਵੀ ਨਹੀਂ ਸੀ ਲੰਘਦਾ। ਗ਼ਰੀਬੀ ਹੋਣ ਕਾਰਨ ਉਸ ਇਲਾਕੇ ਵਿੱਚ ਕੋਈ ਘੋੜਾ ਜਾਂ ਹੋਰ ਸਵਾਰੀ ਜਾਂ ਸਾਧਨ ਨਹੀਂ ਸੀ ਹੁੰਦਾ।

ਪਿਤਾ ਜੀ ਫ਼ੌਜ ਵਿੱਚ ਹੋਣ ਕਾਰਨ ਜਦੋਂ ਕਦੇ ਵੀ ਮੌਕਾ ਮਿਲਦਾ ਸੀ ਤਾਂ ਸਾਡੇ ਮਾਤਾ ਜੀ ਉਨ੍ਹਾਂ ਨਾਲ ਕਿਸੇ ਛਾਉਣੀ ਚਲੇ ਜਾਂਦੇ ਸਨ ਤੇ ਨਾਲ ਹੀ ਮੈਂ ਵੀ। ਇਹ ਮੌਕਾ ਸਾਲ ’ਚ ਛੇ ਕੁ ਮਹੀਨੇ ਮਿਲਦਾ ਸੀ। ਜਦੋਂ ਥੋੜ੍ਹੇ ਜਿਹੇ ਵੱਡੇ ਹੋਏ ਤਾਂ ਦਾਦੀ ਦੇ ਹੋਰ ਪੋਤੇ-ਪੋਤਰੀਆਂ ਵੀ ਹੋ ਗਏ ਪਰ ਮੇਰੀ ਥਾਂ ਉਸੇ ਤਰ੍ਹਾਂ ਕਾਇਮ ਸੀ। ਰਾਤ ਨੂੰ ਦਾਦੀ ਨਾਲ ਸੌਣ ਲਈ ਦੂਜੇ ਭੈਣ-ਭਰਾਵਾਂ ਨਾਲ ਇਸ ਗੱਲ ’ਤੇ ਲੜਾਈ ਹੋਣੀ ਆਮ ਸੀ ਪਰ ਬਹੁਤੀ ਵਾਰ ਜਿੱਤ ਮੇਰੀ ਹੀ ਹੁੰਦੀ ਸੀ।

ਜਦੋਂ ਹੋਰ ਵੱਡਾ ਹੋ ਗਿਆ ਤਾਂ ਨੌਵੀਂ ਜਮਾਤ ਵਿੱਚ ਦਾਖਲਾ ਗੌਰਮਿੰਟ ਹਾਈ ਸਕੂਲ ਦੋਸਤਪੁਰਾ ’ਚ ਲੈਣਾ ਪਿਆ ਜੋ ਕਿ ਸਾਡੇ ਪਿੰਡ ਤੋਂ ਤਕਰੀਬਨ ਤਿੰਨ ਕਿਲੋਮੀਟਰ ਦੂਰ ਸੀ। ਉਦੋਂ ਬਿਜਲੀ ਨਹੀਂ ਹੁੰਦੀ ਸੀ ਤੇ ਮੈਂ ਦਾਦੀ ਕੋਲ ਬਹਿ ਕੇ ਪੜ੍ਹਾਈ ਕਰਦਾ ਸੀ। ਦਾਦੀ ਜੀ ਨੇ ਰਾਤ ਨੂੰ ਲੈਂਪ ਜਗਾ ਕੇ ਮੇਰੇ ਕੋਲ ਬੈਠ ਜਾਣਾ ਤੇ ਕਹਿੰਦੇ ਰਹਿਣਾ, “ਵੇ ਕਾਕਾ, ਪੜ੍ਹ ਲੈ, ਵੇ ਪੁੱਤ ਪੜ੍ਹ ਲੈ।” ਆਪ ਕੋਰੇ ਅਨਪੜ੍ਹ ਹੁੰਦਿਆਂ ਵੀ ਉਨ੍ਹਾਂ ਨੂੰ ਅੱਖਰਾਂ ਦੇ ਚਾਨਣ ਦੇ ਮਹੱਤਵ ਦਾ ਪੂਰਾ ਗਿਆਨ ਸੀ। ਅਖੀਰ ਮੈਂ ਉੱਥੋਂ ਦਸਵੀਂ ਕਰਕੇ ਆਪਣੇ ਪਿਤਾ ਜੀ ਦੇ ਨਾਲ ਅਹਿਮਦ ਨਗਰ ਦੀ ਛਾਉਣੀ ਵਿੱਚ ਚਲਾ ਗਿਆ ਤੇ ਕਾਲਜ ਵਿੱਚ ਦਾਖਲਾ ਲੈ ਲਿਆ। ਦਾਦੀ ਦਾ ਅਸ਼ੀਰਵਾਦ ਹੀ ਸੀ ਜਿਸ ਸਦਕਾ ਮੈਂ ਪੰਜਾਬੀ ਮਾਧਿਅਮ ’ਚੋਂ ਅੰਗਰੇਜ਼ੀ ਦੇ ਵਿੱਚ ਤਬਦੀਲ ਹੋ ਕੇ ਉਸ ਮਰਾਠੀ ਇਲਾਕੇ ’ਚ ਚੰਗੇ ਨੰਬਰਾਂ ਨਾਲ ਬੀ.ਐਸ.ਸੀ. ਕਰਕੇ ਫ਼ੌਜ ਵਿੱਚ ਕਮਿਸ਼ਨ ਲੈ ਲਿਆ। ਜਦੋਂ ਕਦੀ ਵੀ ਮੈਂ ਛੁੱਟੀ ਆਉਂਦਾ ਤਾਂ ਦਾਦੀ ਜੀ ਨੂੰ ਮਿਲਣ ਦਾ ਵੱਖਰਾ ਹੀ ਚਾਅ ਹੁੰਦਾ ਸੀ। ਉਨ੍ਹਾਂ ਦੀ ਬੁੱਕਲ ’ਚ ਜਾ ਕੇ ਉਹੀ ਪਿਆਰ ਤੇ ਨਿੱਘ ਦਾ ਇੱਕ ਵਾਰ ਫਿਰ ਅਹਿਸਾਸ ਹੋ ਜਾਂਦਾ ਸੀ। ਉਨ੍ਹਾਂ ਦੀਆਂ ਕਈ ਗੱਲਾਂ ਅੱਜ ਵੀ ਚੇਤੇ ਆਉਂਦੀਆਂ ਹਨ ਜਿਸ ਤਰ੍ਹਾਂ ਕਿ ਮੇਰੇ ਪਿਤਾ ਜੀ ਕਲਾਨੌਰ ਵਿੱਚ ਰਹਿਣ ਵਾਸਤੇ ਮਕਾਨ ਬਣਾ ਰਹੇ ਸੀ ਤਾਂ ਦਾਦੀ ਜੀ ਸਾਡੇ ਕੋਲ ਠਹਿਰੇ ਹੋਏ ਸਨ। ਮੈਂ ਉਨ੍ਹਾਂ ਨੂੰ ਘਰ ਦਾ ਨਕਸ਼ਾ ਦਿਖਾਇਆ ਤਾਂ ਅਖੀਰ ਉਹ ਕਹਿਣ ਲੱਗੇ ਕਿ ਕਾਕਾ ਜੀ ਮੇਰੇ ਵਾਸਤੇ ਕਿਹੜੀ ਜਗ੍ਹਾ ਬਣਾਈ ਹੈ। ਮੈਂ ਉਨ੍ਹਾਂ ਨੂੰ ਜਵਾਬ ਦਿੱਤਾ ਕਿ ਸਾਰਾ ਘਰ ਤੁਹਾਡਾ। ਉਨ੍ਹਾਂ ਨੇ ਜਵਾਬ ਦਿੱਤਾ ਕਿ ਤੁਹਾਡੇ ਘਰ ਵਿੱਚ ਡਿਉਢੀ ਨਹੀਂ ਤੇ ਮੇਰੀ ਜਗ੍ਹਾ ਤਾਂ ਡਿਉਢੀ ਵਿੱਚ ਹੈ। ਮੈਂ ਕੁੱਝ ਸਮਝ ਨਹੀਂ ਸਕਿਆ ਤੇ ਸਾਰੀ ਗੱਲ ਪਿਤਾ ਜੀ ਨੂੰ ਦੱਸੀ। ਉਨ੍ਹਾਂ ਨੇ ਅਗਲੇ ਦਿਨ ਇੱਕ ਕਮਰੇ ਨੂੰ ਢਾਹ ਕੇ ਡਿਉਢੀ ਵਿੱਚ ਤਬਦੀਲ ਕਰ ਦਿੱਤਾ। ਘਰ ਮੁਕੰਮਲ ਹੋਣ ਤੋਂ ਬਾਅਦ ਦਾਦੀ ਜੀ ਜਦੋਂ ਵੀ ਆਏ, ਉਨ੍ਹਾਂ ਆਪਣੀ ਪੰਘੂੜੀ ਡਿਉਢੀ ਵਿੱਚ ਡਾਹ ਲੈਣੀ। ਸਰਦੀ ਹੁੰਦੀ, ਗਰਮੀ ਜਾਂ ਬਰਸਾਤ ਭਾਵ ਕੋਈ ਵੀ ਮੌਸਮ ਹੁੰਦਾ, ਉਨ੍ਹਾਂ ਦੀ ਪੰਘੂੜੀ ਉੱਥੇ ਹੀ ਰਹਿੰਦੀ। ਸਿਹਤ ਕਮਜ਼ੋਰ ਪੈਣ ਅਤੇ ਨਿਗ੍ਹਾ ਘਟ ਜਾਣ ਦੇ ਬਾਵਜੂਦ ਉਹ ਘਰ ਦੇ ਰਖਵਾਲੇ ਬਣੇ ਰਹੇ। ਹਰ ਆਉਣ-ਜਾਣ ਵਾਲੇ ਉੱਤੇ ਉਨ੍ਹਾਂ ਦੀ ਨਜ਼ਰ ਹੁੰਦੀ ਸੀ। ਜਦੋਂ ਵੀ ਕੋਈ ਬਾਹਰ ਜਾਣ ਲੱਗਦਾ ਸੀ ਤਾਂ ਉਹ ਆਪਣੀ ਕੜਕਦੀ ਆਵਾਜ਼ ਵਿੱਚ ਪੁੱਛ ਲੈਂਦੇ ਸੀ, ‘ਤੂੰ ਕਿੱਥੇ ਚੱਲਿਆ ਜਾਂ ਚੱਲੀ ਹੈਂ’ ਤੇ ਨਾਲ ਹੀ ਇੱਕ ਹਦਾਇਤ ਹੋ ਜਾਂਦੀ ਸੀ ਕਿ ਛੇਤੀ ਤੇ ਸਿੱਧੇ ਘਰ ਆਉਣਾ ਹੈ। ਕੁਵੇਲਾ ਹੋਣ ’ਤੇ ਉਨ੍ਹਾਂ ਦਾ ਟੋਕ ਦੇਣਾ ਜ਼ਰੂਰੀ ਸੀ। ਇਸੇ ਤਰ੍ਹਾਂ ਹੀ ਕੋਈ ਬਾਹਰ ਦਾ ਆਦਮੀ ਅੰਦਰ ਨਹੀਂ ਸੀ ਆ ਸਕਦਾ। ਅੱਜ ਜਦੋਂ ਮੈਂ ਖ਼ੁਦ ਸੇਵਾਮੁਕਤ ਹੋ ਕੇ ਆ ਗਿਆ ਹਾਂ ਤਾਂ ਘਰ ਵਿੱਚ ਨਾ ਡਿਉਢੀ ਨਜ਼ਰ ਆਉਂਦੀ ਹੈ ਅਤੇ ਨਾ ਹੀ ਬਜ਼ੁਰਗ। ਪਤਾ ਨਹੀਂ ਇਹ ਦੋਵੇਂ ਗੱਲਾਂ ਠੀਕ ਸਨ ਜਾਂ ਨਹੀਂ ਪਰ ਦਾਦੀ ਦੀ ਕਹੀ ਕਿ ਬਜ਼ੁਰਗ ਤਾਂ ਘਰ ਦੇ ਤਾਲੇ ਹੁੰਦੇ ਨੇ ਤੇ ਘਰ ਦੇ ਭਾਗ ਤਾਂ ਡਿਉਢੀ ਤੋਂ ਪਛਾਣੇ ਜਾਂਦੇ ਹਨ, ਅੱਜ ਵੀ ਚੇਤੇ ਆਉਂਦੇ ਹਨ।



# ਫੁੱਲਾਂ ਵਾਲੀ ਗਲੀ

- ਬਲਰਾਜ ਧਾਰੀਵਾਲ

**ਭਾਅ ਜੀ, ਐਤਕੀਂ ਜਦੋਂ ਤੁਹਾਡੇ ਘਰ ਮਾਲੀ ਆਵੇ ਤਾਂ ਉਸ ਨੂੰ ਸਾਡੇ ਘਰਾਂ 'ਚ ਵੀ ਭੇਜਿਉ। ਕੁਝ ਬੂਟੇ ਲਵਾਉਣੇ ਹਨ।**

ਸਾਨੂੰ ਆਪਣੇ ਨਵੇਂ ਬਣੇ ਘਰ ਵਿਚ ਰਹਿੰਦਿਆਂ ਪੰਜ ਸਾਲ ਹੋ ਚੱਲੇ ਸਨ। ਜਦੋਂ ਅਸੀਂ ਇਸ ਘਰ ਵਿਚ ਆਏ ਸਾਂ ਤਾਂ ਛੇਤੀ ਹੀ ਘਰ ਦੀ ਕੰਧ ਤੋਂ ਥੋੜ੍ਹਾ ਪਰ੍ਹੇ ਕਰਕੇ ਕੁਝ ਦਰੱਖ਼ਤ ਲਗਵਾ ਲਏ ਸਨ। ਸਾਨੂੰ ਦੋਵਾਂ ਪਤੀ-ਪਤਨੀ ਤੇ ਬੇਟੀਆਂ ਨੂੰ ਫੁੱਲਾਂ-ਬੂਟਿਆਂ ਦਾ ਬੜਾ ਸ਼ੌਕ ਸੀ। ਅਸੀਂ ਘਰ ਦੀ ਛੱਤ 'ਤੇ ਬਹੁਤ ਸਾਰੇ ਗਮਲੇ ਰਖਵਾ ਕੇ, ਮਾਲੀ ਦੀ ਮਦਦ ਨਾਲ ਸਾਰੇ ਗਮਲਿਆਂ 'ਚ ਫੁੱਲਾਂ ਵਾਲੇ ਬੂਟੇ ਵੀ ਲਗਵਾ ਲਏ।

ਬੇਟੀਆਂ ਨੇ ਚਾਅ ਚਾਅ ਨਾਲ ਹੀ ਗਮਲਿਆਂ 'ਤੇ ਬੜਾ ਸੋਹਣਾ ਪੇਂਟ ਕਰ ਦਿੱਤਾ ਤੇ ਸਾਰੇ ਗਮਲਿਆਂ 'ਤੇ ਆਪਣੇ ਨਾਵਾਂ ਦੇ ਪਹਿਲੇ ਅੱਖਰ ਬੜੇ ਖ਼ੂਬਸੂਰਤ ਰੰਗਾਂ 'ਚ ਪੇਂਟ ਕਰ ਦਿੱਤੇ। ਅਸੀਂ ਰੋਜ਼ ਬੂਟਿਆਂ ਦੀ ਦੇਖ-ਭਾਲ ਕਰਦੇ। ਹਫ਼ਤੇ ਬਾਅਦ ਮਾਲੀ ਵੀ ਆ ਕੇ ਉਨ੍ਹਾਂ 'ਚੋਂ ਵਾਧੂ ਘਾਹ-ਪੱਤੇ ਵਗੈਰਾ ਕੱਢ ਜਾਂਦਾ, ਗੁਡਾਈ ਕਰ ਜਾਂਦਾ ਤੇ ਗਲੀ ਵਾਲੇ ਦਰੱਖ਼ਤਾਂ ਨੂੰ ਵੀ ਦੇਖ ਜਾਂਦਾ। ਦਰੱਖ਼ਤ ਵੱਡੇ ਹੋ ਰਹੇ ਸਨ। ਸਮਾਂ ਆਉਣ 'ਤੇ ਬੂਟਿਆਂ ਨੂੰ ਡੋਡੀਆਂ ਪੈ ਗਈਆਂ, ਛੱਤ ਤੋਂ ਮਿੰਨੀ ਮਿੰਨੀ ਖ਼ੁਸ਼ਬੂ ਆਉਣ ਲੱਗ ਪਈ ਸੀ। ਕੁਝ ਚਿਰ ਬਾਅਦ ਫੁੱਲ ਖਿੜ ਪਏ ਸਨ ਤੇ ਅਸੀਂ ਉਨ੍ਹਾਂ ਨੂੰ ਦੇਖ ਕੇ ਟਹਿਕਣ ਲੱਗ ਪਏ ਸਾਂ।

ਮਾਲੀ ਨੇ ਕੁਝ ਸਜਾਵਟੀ ਤੇ ਕੁਝ ਫੁੱਲਾਂ ਵਾਲੇ ਬੂਟੇ, ਜਿਨ੍ਹਾਂ ਨੂੰ ਧੁੱਪ ਘੱਟ ਚਾਹੀਦੀ ਸੀ, ਨੂੰ ਛੱਤ ਤੋਂ ਲਿਆ ਕੇ ਵਿਹੜੇ 'ਚ ਟਿਕਾਅ ਦਿੱਤਾ। ਸਾਰਾ ਘਰ ਫੁੱਲਾਂ ਦੀ ਖ਼ੁਸ਼ਬੂ ਨਾਲ ਮਹਿਕਣ ਲੱਗ ਪਿਆ। ਬੱਚਿਆਂ ਨਾਲ ਬੱਚੇ ਆਉਂਦੇ, ਫੁੱਲਾਂ ਨੂੰ ਸੁੰਘਦੇ, ਤਿਤਲੀਆਂ ਫੜਦੇ, ਬੜੇ ਪਿਆਰੇ ਲੱਗਦੇ। ਅਸ਼ੋਕਾ ਦਰੱਖ਼ਤ ਵੀ ਜਦੋਂ ਕਾਫ਼ੀ ਉੱਚੇ ਹੋ ਜਾਂਦੇ, ਮਾਲੀ ਉਨ੍ਹਾਂ ਦੀ ਕਟਾਈ ਕਰਕੇ ਬੜਾ ਖ਼ੂਬਸੂਰਤ ਆਕਾਰ ਦੇ ਦਿੰਦਾ।

ਹੁਣ ਹੋਇਆ ਇੰਜ ਕਿ ਸਾਡੇ ਘਰ ਦੀ ਬਾਹਰ ਦੀ ਕੰਧ ਅਤੇ ਇਕ ਕਮਰੇ ਦੀ ਕੰਧ ਸਲ੍ਹਾਬੇ ਕਾਰਨ ਖਰਾਬ ਹੋ ਗਈ। ਅਸੀਂ ਮਿਸਤਰੀ ਨਾਲ ਸਲਾਹ ਕੀਤੀ ਤੇ ਉਸ ਨੇ ਸਾਨੂੰ ਕੁਝ ਟਾਈਲਾਂ ਬਾਰੇ ਦੱਸਿਆ ਜਿਨ੍ਹਾਂ 'ਤੇ ਪਾਣੀ ਦਾ ਅਸਰ ਨਹੀਂ ਹੁੰਦਾ। ਅਸੀਂ ਬਾਜ਼ਾਰ ਜਾ ਕੇ ਦਿਲਕਸ਼ ਡਿਜ਼ਾਈਨ ਵਾਲੀਆਂ ਟਾਈਲਾਂ ਪਸੰਦ ਕਰ ਲਈਆਂ ਅਤੇ ਬਾਹਰ ਤੇ ਕਮਰੇ ਦੀ ਕੰਧ 'ਤੇ ਉਹੀ ਟਾਈਲਾਂ ਲਗਵਾ ਲਈਆਂ। ਘਰ ਭਾਵੇਂ ਛੋਟਾ ਸੀ, ਪਰ ਟਾਈਲਾਂ ਦੀ ਖ਼ੂਬਸੂਰਤੀ ਕਾਰਨ ਘਰ ਦੀ ਸ਼ਾਨ ਵਧ ਗਈ ਸੀ।

ਕੁਝ ਦਿਨਾਂ ਬਾਅਦ ਮੇਰੇ ਪਤੀ ਦੇ ਦੋ ਦੋਸਤ ਦਫ਼ਤਰ ਦੇ ਕੰਮ ਦੇ ਸਬੰਧ 'ਚ ਘਰ ਆਏ। ਮੇਰੇ ਪਤੀ ਨਾਲ ਉਹ ਕੁਝ ਚਿਰ ਕੰਮ ਬਾਰੇ ਗੱਲਾਂ-ਬਾਤਾਂ ਕਰਦੇ ਰਹੇ। ਫਿਰ ਚਾਹ ਪੀਂਦਿਆਂ ਇਕ ਜਣਾ ਕਹਿਣ ਲੱਗਾ, ਯਾਰ, ਨਵੀਂ ਕੰਧ ਬਣਨ ਨਾਲ ਤੇਰੇ ਘਰ ਦੀ ਸ਼ਾਨ ਦੂਣੀ ਹੋ ਗਈ ਹੈ। ਜੇ ਅਸ਼ੋਕਾ ਦਰੱਖ਼ਤ ਨਾ ਹੋਣ ਤਾਂ ਤੇਰਾ ਘਰ ਸ਼ਾਹਾਨਾ ਪ੍ਰਭਾਵ ਦੇਵੇ। ਤੂੰ ਇਹ ਦਰੱਖ਼ਤ ਕਟਵਾ ਦੇ, ਵਿਹੜੇ 'ਚ ਬਥੇਰੇ ਫੁੱਲ ਬੂਟੇ ਹਨ।

ਦੂਸਰੇ ਦੋਸਤ ਨੇ ਵੀ ਇਸ ਗੱਲ ਨੂੰ ਦਰੁਸਤ ਦੱਸਿਆ।

ਉਨ੍ਹਾਂ ਦੇ ਜਾਣ ਮਗਰੋਂ ਮੇਰੇ ਪਤੀ ਨੇ ਮੈਨੂੰ ਇਹ ਗੱਲ ਦੱਸੀ ਤਾਂ ਮੇਰੇ ਦਿਲ ਨੂੰ ਹੌਲ ਜਿਹਾ ਪਿਆ। ਮੇਰੇ ਪਤੀ ਵੀ ਦਿਲੋਂ ਏਦਾਂ ਨਹੀਂ ਸਨ ਚਾਹੁੰਦੇ, ਪਰ ਦੋਸਤਾਂ ਦੀ ਆਖੀ ਗੱਲ ਉਨ੍ਹਾਂ ਦੇ ਮਨ 'ਚੋਂ ਨਿਕਲ ਨਹੀਂ ਸੀ ਰਹੀ। ਉਹ ਤਾਂ ਘੜੀ-ਮੁੜੀ ਬਾਹਰ ਜਾ ਕੇ ਕੰਧ ਤੇ ਦਰੱਖ਼ਤਾਂ ਵੱਲ ਹੀ ਦੇਖੀ ਜਾਂਦੇ ਸਨ। ਚਿਹਰਾ ਉਦਾਸਿਆ ਗਿਆ ਸੀ। ਕੋਈ ਗੱਲ ਵੀ ਨਹੀਂ ਕਰ ਰਹੇ ਸਨ। ਮੈਂ ਦੋ ਤਿੰਨ ਵਾਰ ਉਨ੍ਹਾਂ ਨੂੰ ਕਿਹਾ ਕਿ ਆਪਾਂ ਦਰੱਖ਼ਤ ਨਹੀਂ ਕਟਵਾਉਣੇ, ਪਰ ਉਹ ਕੋਈ ਜੁਆਬ ਨਹੀਂ ਸਨ ਦੇ ਰਹੇ। ਰਾਤ ਨੂੰ ਰੋਟੀ ਖਾ ਕੇ ਅਸੀਂ ਚੁੱਪਚਾਪ ਲੰਮੇ ਪੈ ਗਏ। ਸਵੇਰੇ ਉੱਠਦਿਆਂ ਹੀ ਉਨ੍ਹਾਂ ਮੈਨੂੰ ਕਿਹਾ ਕਿ ਉਨ੍ਹਾਂ ਦਰੱਖ਼ਤ ਕਟਵਾਉਣ ਦਾ ਮਨ ਬਣਾ ਲਿਆ ਹੈ, ਗਲੀ 'ਚ ਵੀ ਤਾਂ ਹੋਰ ਕਿਤੇ ਦਰੱਖ਼ਤ ਨਹੀਂ ਲੱਗੇ ਹੋਏ। ਇਹ ਗੱਲ ਸੁਣਦਿਆਂ ਮੈਂ ਉਨ੍ਹਾਂ ਦੇ ਚਿਹਰੇ ਦੀ ਪੀੜ ਮਹਿਸੂਸ ਕਰ ਰਹੀ ਸਾਂ, ਪਰ ਕੁਝ ਕਹਿ ਨਾ ਸਕੀ। ਇਸ ਗੱਲ ਦਾ ਬੇਟੀਆਂ ਨੂੰ ਪਤਾ ਲੱਗਾ ਤਾਂ ਉਹ ਕਹਿਣ ਲੱਗੀਆਂ, ਪਾਪਾ, ਇਹ ਕਿਵੇਂ ਹੋ ਸਕਦਾ ਹੈ ? ਦਰੱਖ਼ਤ ਤਾਂ ਸਗੋਂ ਕਿੰਨੇ ਸੋਹਣੇ ਲੱਗਦੇ ਹਨ। ਹਰਿਆਲੀ ਦਿੰਦੇ ਹਨ। ਅਸੀਂ ਰੋਜ਼ ਵਾਤਾਵਰਨ ਸਬੰਧੀ ਕਿਤਾਬ 'ਚ ਪੜ੍ਹਦੇ ਹਾਂ ਕਿ ਜੇ ਵਾਤਾਵਰਨ ਨੂੰ ਬਚਾਉਣਾ ਹੈ ਤਾਂ ਹੋਰ ਦਰੱਖ਼ਤ ਲਗਾਉ, ਪਰ ਤੁਸੀਂ ਤਾਂ ਲੱਗੇ ਹੋਏ ਦਰੱਖ਼ਤਾਂ ਨੂੰ ਵੀਸ਼, ਨਹੀਂ ਇੰਜ ਨਹੀਂ ਕਰਨਾ। ਵੈਸੇ ਵੀ ਏਨੇ ਚਾਅ ਨਾਲ ਲਗਾਏ ਹੋਏ ਦਰੱਖ਼ਤਾਂ ਨੂੰ ਨਹੀਂ ਕੱਟਣਾ ਚਾਹੀਦਾ।

ਮੈਂ ਅਣਮੰਨੇ ਜਿਹੇ ਮਨ ਨਾਲ ਸਭ ਦਾ ਨਾਸ਼ਤਾ ਤਿਆਰ ਕੀਤਾ। ਬੱਚਿਆਂ ਨੂੰ ਸਕੂਲ ਭੇਜਿਆ ਤੇ ਪਤੀ ਨੂੰ ਦਫ਼ਤਰ।

ਦੁਪਹਿਰੇ ਜਦੋਂ ਬੇਟੀਆਂ ਘਰ ਆਈਆਂ ਤਾਂ ਉਨ੍ਹਾਂ ਦੇ ਡੱਬਿਆਂ 'ਚ ਰੋਟੀ ਉਂਜ ਹੀ ਪਈ ਹੋਈ ਸੀ ਤੇ ਉਹ ਕਹਿ ਰਹੀਆਂ ਸਨ ਕਿ ਉਹ ਦਰੱਖ਼ਤ ਨਹੀਂ ਕੱਟਣ ਦੇਣਗੀਆਂ। ਉਨ੍ਹਾਂ ਨੂੰ ਥੋੜ੍ਹਾ ਬਹੁਤ ਕੁਝ ਖੁਆਇਆ ਤੇ ਸੌਣ ਲਈ ਕਿਹਾ, ਪਰ ਉਹ ਲੰਮੇ ਪਿਆਂ ਉੱਸਲਵੱਟੇ ਲੈਂਦੀਆਂ ਰਹੀਆਂ।

ਸ਼ਾਮੀ ਮੇਰੇ ਪਤੀ ਗਲੀ 'ਚ ਸਕੂਟਰ ਲਾ ਕੇ ਹਾਲੇ ਘਰ ਪਹੁੰਚੇ ਹੀ ਸਨ ਕਿ ਸਾਡੀ ਗਲੀ ਵਾਲੇ ਦੋ ਗੁਆਂਢੀ ਫਟਾਫਟ ਅੰਦਰ ਲੰਘ ਆਏ ਤੇ ਸਤਿ ਸ੍ਰੀ ਅਕਾਲ ਬੁਲਾ ਕੇ ਕਹਿਣ ਲੱਗੇ, ਭਾਅ ਜੀ, ਅਸੀਂ ਤਾਂ ਤੁਹਾਨੂੰ ਦੋ ਤਿੰਨ ਦਿਨਾਂ ਤੋਂ ਮਿਲਣ ਦੀ ਕੋਸ਼ਿਸ਼ 'ਚ ਸਾਂ, ਪਰ ਸਮੇਂ ਦਾ ਅੱਗਾ ਪਿੱਛਾ ਹੋਣ ਕਰਕੇ ਮੇਲ ਹੀ ਨਹੀਂ ਹੋਇਆ। ਹੁਣ ਅੱਜ ਅਸੀਂ ਤੁਹਾਨੂੰ ਉਡੀਕ ਰਹੇ ਸਾਂ ਤੇ ਤੁਹਾਡੇ ਪਿੱਛੇ ਹੀ ਆ ਗਏ ਹਾਂ।

ਮੈਂ ਸਾਰਿਆਂ ਨੂੰ ਪਾਣੀ ਪਿਆਇਆ। ਮੇਰੇ ਪਤੀ ਨੇ ਉਨ੍ਹਾਂ ਨੂੰ ਕਿਹਾ, ਹਾਂ ਜੀ, ਸੇਵਾ ਦੱਸੋ। ਮੈਂ ਉਸ ਵੇਲੇ ਆਪਣੇ ਪਤੀ ਦੇ ਚਿਹਰੇ ਵੱਲ ਦੇਖ ਰਹੀ ਸਾਂ ਜਿਹੜਾ ਹਾਲੇ ਵੀ ਉਤਰਿਆ ਹੋਇਆ ਸੀ। ਉਹ ਕਹਿਣ ਲੱਗੇ, ਭਾਅ ਜੀ, ਐਤਕੀਂ ਜਦੋਂ ਤੁਹਾਡੇ ਘਰ ਮਾਲੀ ਆਵੇ ਤਾਂ ਉਸ ਨੂੰ ਸਾਡੇ ਘਰਾਂ 'ਚ ਵੀ ਭੇਜਿਉ। ਕੁਝ ਬੂਟੇ ਲਵਾਉਣੇ ਹਨ। ਜਿਵੇਂ ਤੁਸੀਂ ਕੰਧ ਤੋਂ ਥੋੜ੍ਹਾ ਪਰ੍ਹੇ ਕਰਕੇ ਦਰੱਖ਼ਤ ਲਗਵਾਏ ਹਨ, ਉਹ ਵੀ ਲਗਵਾਉਣੇ ਹਨ। ਅੰਦਰ ਵਿਹੜਿਆਂ 'ਚ ਵੀ ਫੁੱਲਾਂ ਵਾਲੇ ਗਮਲੇ ਰੱਖਣੇ ਹਨ। ਵਾਤਾਵਰਨ ਨੂੰ ਬਚਾਉਣ ਲਈ ਅਸੀਂ ਵੀ ਆਪਣਾ ਹਿੱਸਾ ਪਾਈਏ। ਮੈਂ ਚਾਹ ਬਣਾ ਕੇ ਲੈ ਗਈ। ਅਸੀਂ ਸਾਰੇ ਬੂਟੇ ਲਾਉਣ ਦੀ ਮਹੱਤਤਾ ਬਾਰੇ ਗੱਲਾਂ ਕਰਨ ਲੱਗ ਪਏ ਕਿ ਕਿਵੇਂ ਇਹ ਚੌਗਿਰਦੇ ਦਾ ਸੁਹੱਪਣ ਵਧਾਉਂਦੇ ਹਨ, ਪੰਛੀਆਂ ਨੂੰ ਸੱਦਾ ਦਿੰਦੇ ਹਨ ਤੇ ਘਰਾਂ ਦੀ ਸ਼ਾਨ ਵਧਾਉਂਦੇ ਹਨ ਆਦਿ। ਮੈਂ ਦੇਖਿਆ ਕਿ ਮੇਰੇ ਪਤੀ ਇਸ ਗੱਲਬਾਤ 'ਚ ਸਭ ਤੋਂ ਵੱਧ ਹਿੱਸਾ ਲੈ ਰਹੇ ਸਨ। ਉਨ੍ਹਾਂ ਦੀਆਂ ਅੱਖਾਂ ਖ਼ੁਸ਼ੀ ਨਾਲ ਚਮਕ ਰਹੀਆਂ ਸਨ। ਸਵੇਰ ਵਾਲੀ ਉਦਾਸੀ ਦਾ ਚਿਹਰੇ 'ਤੇ ਨਾਮੋ-ਨਿਸ਼ਾਨ ਨਹੀਂ ਸੀ। ਮੇਰੇ ਪਤੀ ਨੇ ਉਸੇ ਵੇਲੇ ਮਾਲੀ ਨੂੰ ਫ਼ੋਨ ਕੀਤਾ ਕਿ ਪਰਸੋਂ ਛੇਤੀ ਆਵੇ ਕਿਉਂਕਿ ਕੰਮ ਜ਼ਿਆਦਾ ਹੈ। ਗੁਆਂਢੀਆਂ ਦੇ ਜਾਣ ਮਗਰੋਂ ਅਸੀਂ ਦੋਵਾਂ ਨੇ ਇਕ ਦੂਜੇ ਵੱਲ ਦੇਖਿਆ ਤੇ ਫਿਰ ਖਿੜ ਖਿੜ ਹੱਸਣ ਲੱਗ ਪਏ। ਬੇਟੀਆਂ ਨੇ ਸਭ ਸੁਣ ਲਿਆ ਸੀ। ਉਨ੍ਹਾਂ ਵੀ ਆ ਕੇ ਹੱਸਦਿਆਂ ਸਾਨੂੰ ਜੱਫੀ ਪਾ ਲਈ ਤੇ ਕਹਿਣ ਲੱਗੀਆਂ, ਆਹ ਤਾਂ ਹੋਈ ਨਾ ਗੱਲ, ਦਰੱਖ਼ਤਾਂ ਨਾਲ ਤਾਂ ਘਰ ਦੀ ਹੀ ਨਹੀਂ ਬਲਕਿ ਚੌਗਿਰਦੇ ਦੀ ਸ਼ਾਨ ਵੀ ਵਧਦੀ ਹੈ।

ਸਾਡੇ ਸਭ ਦੇ ਚਿਹਰਿਆਂ 'ਤੇ ਹੁਣ ਪਹਿਲਾਂ ਵਾਲੀ ਰੌਣਕ ਸੀ। ਕੁਝ ਦਿਨਾਂ ਬਾਅਦ ਹੀ ਲਗਭਗ ਸਾਰੀ ਗਲੀ 'ਚ ਸਾਰੇ ਘਰਾਂ ਵਾਲਿਆਂ ਨੇ ਆਪਣੀ ਸਹੂਲਤ ਅਨੁਸਾਰ ਘਰਾਂ ਦੇ ਅੰਦਰ-ਬਾਹਰ ਦਰੱਖ਼ਤ ਤੇ ਫੁੱਲ-ਬੂਟੇ ਲਗਵਾ ਲਏ ਸਨ। ਕੁਝ ਦਿਨਾਂ ਬਾਅਦ ਗਲੀ 'ਚ ਵੜਦਿਆਂ ਹੀ ਫੁੱਲਾਂ ਦੀ ਖ਼ੁਸ਼ਬੂ ਆਉਣੀ ਸ਼ੁਰੂ ਹੋ ਗਈ ਸੀ ਤੇ ਸਾਡੀ ਗਲੀ ਦਾ ਨਾਮ ਪੈ ਗਿਆ: 'ਫੁੱਲਾਂ ਵਾਲੀ ਗਲੀ'।



# ਬੱਚੇ ਦੀਆਂ ਆਦਤਾਂ 'ਤੇ ਨਜ਼ਰ ਰੱਖੋ

**ਆਪਣੇ ਬੱਚੇ ਵਿਚ ਚੰਗੀਆਂ-ਮੰਦੀਆਂ ਆਦਤਾਂ ਕਿਹੜੀਆਂ ਹਨ, ਬਾਰੇ ਬਰੀਕੀ ਨਾਲ ਜਾਣ ਲੈਣਾ ਚਾਹੀਦਾ ਹੈ। ਦੋਵੇਂ ਤਰ੍ਹਾਂ ਦੀਆਂ ਆਦਤਾਂ ਦੀਆਂ ਅਨੇਕਾਂ ਤਰ੍ਹਾਂ ਦੀਆਂ ਕਿਸਮਾਂ ਹਨ। ਇਨ੍ਹਾਂ ਬਾਰੇ ਪਤਾ ਹੋਣਾ ਲਾਜ਼ਮੀ ਹੈ।**

ਬੱਚੇ ਨੂੰ ਦੋਵੇਂ ਤਰ੍ਹਾਂ ਦੀਆਂ ਆਦਤਾਂ ਹੁੰਦੀਆਂ ਹਨ-ਚੰਗੀਆਂ ਵੀ ਅਤੇ ਮਾੜੀਆਂ ਵੀ। ਦੋਵਾਂ ਉੱਤੇ ਪੂਰੀ ਨੀਝ ਅਤੇ ਬਾਰੀਕਬੀਨੀ ਨਾਲ ਨਜ਼ਰ ਰੱਖੋ। ਬੱਚੇ ਦੀ ਚੰਗੀ ਆਦਤ ਲਈ ਉਸ ਦੀ ਤਾਰੀਫ ਕਰੋ। ਉਸ ਦਾ ਕੁਝ ਚੰਗਾ ਕਰਨ ਲਈ ਹੌਸਲਾ ਵਧੇਗਾ। ਮਾੜੀ ਆਦਤ 'ਤੇ ਧਿਆਨ ਦੇਣਾ ਤਾਂ ਮਾਪਿਆਂ ਦਾ ਪਹਿਲਾ ਫਰਜ਼ ਹੈ। ਉਸ ਆਦਤ ਕਰਕੇ ਬੱਚੇ ਨੂੰ ਟੋਕਣਾ-ਰੋਕਣਾ ਬੇਹੱਦ ਜ਼ਰੂਰੀ ਹੈ। ਪਿਆਰ-ਮੁਹੱਬਤ, ਮਿੱਠੀ ਝਿੜਕ, ਮਿੱਠੀ ਬੋਲੀ ਦੀ ਵਰਤੋਂ ਕਰਕੇ ਬੱਚੇ ਨੂੰ ਮੰਦੀ ਆਦਤ ਛੱਡਣ ਲਈ ਉਤਸ਼ਾਹਿਤ ਕਰੋ। ਇਹਦੇ ਲਈ ਬਿਨਾਂ ਕੁਝ ਬੋਲਿਆਂ ਬੱਚੇ ਦੇ ਮਨ ਨੂੰ ਪੜ੍ਹਨ ਦਾ ਯਤਨ ਕਰਦੇ ਰਹਿਣਾ ਚਾਹੀਦਾ ਹੈ। ਕਿਹੜੀ ਵਿਧੀ ਨਾਲ, ਕਿਹੜੇ ਤਰੀਕੇ ਨਾਲ ਬੱਚੇ ਨੂੰ ਬਚਾਇਆ ਜਾਵੇ, ਇਹਦੇ ਬਾਰੇ ਲਗਾਤਾਰ ਅਤੇ ਪੂਰਾ ਤਹੱਮਲ ਜਾਂ ਠਰ੍ਹੰਮਾ ਰੱਖ ਕੇ ਬੱਚੇ ਨੂੰ ਭਰੋਸੇ 'ਚ ਲਿਆ ਜਾਵੇ। ਕਿਹੜੀ ਭੈੜੀ ਆਦਤ ਨਾਲ ਬੱਚੇ ਦਾ ਕੀ ਨੁਕਸਾਨ ਹੋ ਸਕਦਾ ਹੈ, ਬਾਰੇ ਬੱਚੇ ਨੂੰ ਦੱਸਦੇ ਰਹਿਣਾ ਚਾਹੀਦਾ ਹੈ। ਇਹਦੇ ਲਈ ਬੱਚੇ ਦੀ ਮਾਨਸਿਕਤਾ ਨੂੰ ਪੜ੍ਹਨ ਅਤੇ ਬੁੱਝਣ ਦਾ ਯਤਨ ਕਰਦੇ ਰਹਿਣਾ ਚਾਹੀਦਾ ਹੈ। ਗੁੱਸੇ 'ਚ ਆਪਾ ਗੁਆ ਕੇ ਜੇ ਅਸੀਂ ਬੱਚੇ ਨੂੰ ਬੁਰੀ ਆਦਤ ਛੱਡਣ ਲਈ ਕਹਾਂਗੇ ਤਾਂ ਬੱਚਾ ਡਰ ਨਾਲ ਬੁਰੀ ਆਦਤ ਛੱਡਣ ਦਾ ਤੁਹਾਡੇ ਸਾਹਮਣੇ ਦਿਖਾਵਾ ਕਰੇਗਾ ਪਰ ਛੱਡੇਗਾ ਨਹੀਂ। ਮਾਪਿਆਂ ਨੂੰ ਇਹ ਮਨੋਵਿਗਿਆਨਕ ਸਚਾਈ ਸਮਝ ਲੈਣੀ ਚਾਹੀਦੀ ਹੈ ਕਿ ਚੰਗੀ ਆਦਤ ਜੇ ਬੱਚੇ ਦੀ ਸ਼ਖ਼ਸੀਅਤ ਨੂੰ ਨਿਖਾਰਦੀ ਹੈ, ਉਸ ਦੇ ਕੈਰੀਅਰ ਨੂੰ ਤਰੱਕੀ ਦੀਆਂ ਮੰਜ਼ਿਲਾਂ ਵੱਲ ਲਿਜਾਂਦੀ ਹੈ ਤਾਂ ਮੰਦੀ ਆਦਤ ਉਸ ਦੀ ਸ਼ਖ਼ਸੀਅਤ ਦੇ ਵਿਕਾਸ ਵਿਚ ਵੱਡੀ ਰੁਕਾਵਟ ਬਣ ਜਾਵੇਗੀ। ਉਸ ਦਾ ਕੈਰੀਅਰ ਸਹੀ ਮੰਜ਼ਿਲ 'ਤੇ ਪੁੱਜਣ ਤੋਂ ਪਹਿਲਾਂ ਹੀ ਡੁੱਬ ਜਾਵੇਗਾ। ਇਸ ਕਰਕੇ ਆਪਣੇ ਬੱਚੇ ਵਿਚ ਚੰਗੀਆਂ-ਮੰਦੀਆਂ ਆਦਤਾਂ ਕਿਹੜੀਆਂ ਹਨ, ਬਾਰੇ ਬਰੀਕੀ ਨਾਲ ਜਾਣ ਲੈਣਾ ਚਾਹੀਦਾ ਹੈ। ਦੋਵੇਂ ਤਰ੍ਹਾਂ ਦੀਆਂ ਆਦਤਾਂ ਦੀਆਂ ਅਨੇਕਾਂ ਤਰ੍ਹਾਂ ਦੀਆਂ ਕਿਸਮਾਂ ਹਨ। ਇਨ੍ਹਾਂ ਬਾਰੇ ਪਤਾ ਹੋਣਾ ਲਾਜ਼ਮੀ ਹੈ। ਆਪਣੇ ਘਰ, ਸਮਾਜ ਅਤੇ ਦੇਸ਼ ਦੀ ਤਰੱਕੀ ਇਕ ਨਾਗਰਿਕ ਤਦ ਹੀ ਕਰ ਸਕਦਾ ਹੈ ਜੇ ਉਸ ਦੇ ਬਚਪਨ ਨੂੰ ਸਾਂਭ ਕੇ ਉਸ ਦੀ ਸ਼ਖ਼ਸੀਅਤ ਦੀ ਉਸਾਰੀ ਕੀਤੀ ਜਾਵੇ।



# ਸ਼ਰਮੀਲਾ ਸੁਭਾਅ

**ਸੰਸਾਰ ਵਿਚ ਕੋਈ ਐਸਾ ਨਹੀਂ ਹੈ, ਜਿਸ ਨੂੰ ਸਾਰੇ ਲੋਕ ਪਸੰਦ ਕਰਦੇ ਹਨ, ਦੂਜਿਆਂ ਦੇ ਪ੍ਰਤੀ ਹਰੇਕ ਦਾ ਆਪਣਾ ਨਜ਼ਰੀਆ ਹੁੰਦਾ ਹੈ, ਇਸ ਲਈ ਦੂਜਿਆਂ ਦੀ ਰਾਇ ਨੂੰ ਸਰਬਉੱਚ ਨਹੀਂ ਮੰਨ ਲੈਣਾ ਚਾਹੀਦਾ।**

ਹਰ ਮਨੁੱਖ ਦਾ ਆਪਣਾ ਸੁਭਾਅ, ਆਪਣੀ ਜੀਵਨ ਦਿ੍ਸ਼ਟੀ ਅਤੇ ਆਪਣਾ ਨਜ਼ਰੀਆ ਹੁੰਦਾ ਹੈ। ਬਹੁਤ ਜ਼ਿਆਦਾ ਖੁੱਲ੍ਹ ਕੇ ਬੋਲਣ ਵਾਲੇ, ਗਾਲੜੀ, ਗੱਲ-ਗੱਲ ‘ਤੇ ਦੂਜਿਆਂ ਦੇ ਨੁਕਸ ਕੱਢਣ ਵਾਲੇ ਲੋਕ ਵੀ ਸਾਰਿਆਂ ਨੂੰ ਪਸੰਦ ਨਹੀਂ ਹੁੰਦੇ। ਪਰ ਬਹੁਤ ਜ਼ਿਆਦਾ ਆਪਣੇ-ਆਪ ਵਿਚ ਮਸਤ ਰਹਿਣ ਵਾਲੇ ਸ਼ਰਮੀਲੇ ਵਿਅਕਤੀ ਵੀ ਬਹੁਤ ਪਸੰਦ ਨਹੀਂ ਕੀਤੇ ਜਾਂਦੇ। ਸ਼ਰਮੀਲਾ ਸੁਭਾਅ ਸਿਰਫ ਸਮਾਜਿਕ ਜੀਵਨ ਹੀ ਨਹੀਂ, ਸਗੋਂ ਵਪਾਰਕ ਅਤੇ ਕੰਮਕਾਜੀ ਜੀਵਨ ਉੱਪਰ ਵੀ ਅਸਰ ਪਾਉਂਦਾ ਹੈ। ਸ਼ਰਮੀਲੇ ਵਿਅਕਤਿਤਵ ਵਾਲਾ ਮਨੁੱਖ ਆਤਮਵਿਸ਼ਵਾਸ ਦੀ ਕਮੀ ਦਾ ਸ਼ਿਕਾਰ ਹੁੰਦਾ ਹੈ। ਇਹੋ ਜਿਹੀ ਸ਼ਖ਼ਸੀਅਤ ਵਾਲੇ ਲੋਕ ਵਧੇਰੇ ਕਰਕੇ ਅਸਫਲਤਾ ਤੋਂ ਡਰਦੇ ਕੁਝ ਨਾ ਕਰਨ ਵਿਚ ਯਕੀਨ ਰੱਖਦੇ ਹਨ। ਉਹ ਅਜਿਹਾ ਕੋਈ ਵੀ ਕੰਮ ਕਰਨ ਜਾਂ ਕਹਿਣ ਦਾ ਜੋਖਮ ਮੁੱਲ ਨਹੀਂ ਲੈਣਾ ਚਾਹੁੰਦੇ, ਜਿਸ ਨਾਲ ਲੋਕਾਂ ਨੂੰ ਉਨ੍ਹਾਂ ਦੇ ਬਾਰੇ ਵਿਚ ਕੁਝ ਕਹਿਣ ਦਾ ਮੌਕਾ ਮਿਲੇ।

ਸ਼ਰਮੀਲਾ ਵਿਅਕਤੀ ਹਮੇਸ਼ਾ ਹੀਣ-ਭਾਵਨਾ ਦਾ ਸ਼ਿਕਾਰ ਰਹਿੰਦਾ ਹੈ। ਇਸ ਦੇ ਕਈ ਕਾਰਨ ਹੋ ਸਕਦੇ ਹਨ। ਸ਼ਾਇਦ ਉਹ ਬਚਪਨ ਵਿਚ ਬੜਾ ਸ਼ਰਾਰਤੀ ਰਿਹਾ ਹੋਵੇ ਤੇ ਆਪਣੇ ਤੋਂ ਵੱਡਿਆਂ ਦੇ ਗੁੱਸੇ ਦਾ ਸ਼ਿਕਾਰ ਹੋ ਕੇ ਉਹ ਹੀਣ-ਭਾਵਨਾ ਵਿਚ ਗ੍ਰੱਸ ਗਿਆ ਹੋਵੇ। ਹੋ ਸਕਦਾ ਹੈ ਉਸ ਦੇ ਮਾਪਿਆਂ ਨੇ ਉਸ ਤੋਂ ਅਜਿਹੀਆਂ ਉਮੀਦਾਂ ਲਾਈਆਂ ਹੋਣ, ਜਿਨ੍ਹਾਂ ਨੂੰ ਪੂਰਾ ਕਰਨ ਵਿਚ ਉਹ ਅਸਮਰੱਥ ਰਿਹਾ ਹੋਵੇ। ਜਾਂ ਫਿਰ ਉਸ ਦੀ ਸਰੀਰਕ ਬਣਤਰ ਅਜਿਹੀ ਹੋਵੇ, ਜਿਸ ਕਾਰਨ ਦੂਜਿਆਂ ਦੇ ਸਾਹਮਣੇ ਉਠਣ-ਬੈਠਣ ਵਿਚ ਉਹ ਸ਼ਰਮ ਮਹਿਸੂਸ ਕਰਦਾ ਹੋਵੇ। ਇਸ ਤਰ੍ਹਾਂ ਦੀ ਕੋਈ ਵੀ ਛੋਟੀ ਤੋਂ ਛੋਟੀ ਗੱਲ ਸਾਡੇ ਵਿਅਕਤਿਤਵ ਨੂੰ ਦਬਾਅ ਦਿੰਦੀ ਹੈ।

ਜੇਕਰ ਕਿਸੇ ਸਰੀਰਕ ਕਮੀ ਦੇ ਕਾਰਨ ਹੀਣ-ਭਾਵਨਾ ਜਾਂ ਸ਼ਰਮ ਹੈ ਤਾਂ ਉਸ ਕਮੀ ਨੂੰ ਸਰੀਰਕ ਕਸਰਤ ਕਰਕੇ ਜਾਂ ਲੋੜੀਂਦੇ ਯਤਨ ਕਰਕੇ ਦੂਰ ਕੀਤਾ ਜਾ ਸਕਦਾ ਹੈ।

ਇਹ ਮੰਨ ਲੈਣਾ ਚਾਹੀਦਾ ਹੈ ਕਿ ਸੰਸਾਰ ਵਿਚ ਕੋਈ ਐਸਾ ਨਹੀਂ ਹੈ, ਜਿਸ ਨੂੰ ਸਾਰੇ ਲੋਕ ਪਸੰਦ ਕਰਦੇ ਹਨ, ਦੂਜਿਆਂ ਦੇ ਪ੍ਰਤੀ ਹਰੇਕ ਦਾ ਆਪਣਾ ਨਜ਼ਰੀਆ ਹੁੰਦਾ ਹੈ, ਇਸ ਲਈ ਦੂਜਿਆਂ ਦੀ ਰਾਇ ਨੂੰ ਸਰਬਉੱਚ ਨਹੀਂ ਮੰਨ ਲੈਣਾ ਚਾਹੀਦਾ।

ਆਪਣੇ ਸੁਭਾਅ ਵਿਚ ਖੁੱਲ੍ਹਾ, ਖੁਲਾਸਾਪਣ ਰੱਖਣਾ ਚਾਹੀਦਾ ਹੈ। ਜੇਕਰ ਚਿਹਰਾ ਭਾਵਹੀਣ ਹੋਵੇ ਤੇ ਕੋਈ ਵਿਅਕਤੀ ਨਜ਼ਰਾਂ ਜ਼ਮੀਨ ‘ਤੇ ਗੱਡ ਕੇ ਬੈਠਾ ਰਹੇ ਤਾਂ ਕੋਈ ਵੀ ਉਸ ਨਾਲ ਗੱਲ ਕਰਨ ਦੀ ਹਿੰਮਤ ਨਹੀਂ ਕਰੇਗਾ। ਆਪਣੇ-ਆਪ ਨੂੰ ਹਮੇਸ਼ਾ ਗ਼ਲਤ ਨਹੀਂ ਸਮਝਣਾ ਚਾਹੀਦਾ। ਕਿਸੇ ਵੀ ਸੂਰਤ ਵਿਚ ਆਪਣੇ ਮਨ ਨੂੰ ਸਮਝਾਉਣਾ ਚਾਹੀਦਾ ਹੈ ਕਿ ਮੇਰੇ ਅੰਦਰ ਵੀ ਬਹੁਤ ਖੂਬੀਆਂ ਹਨ। ਦੂਜਿਆਂ ਵਿਚ ਦੋਸ਼ ਨਹੀਂ ਲੱਭਣੇ ਚਾਹੀਦੇ, ਕੋਈ ਵੀ ਸਰਬਗੁਣ ਸੰਪੂਰਨ ਨਹੀਂ ਹੁੰਦਾ, ਕੋਈ ਨਾ ਕੋਈ ਔਗੁਣ ਹਰ ਕਿਸੇ ਦੇ ਅੰਦਰ ਹੁੰਦਾ ਹੈ। ਦੂਜਿਆਂ ਨੂੰ ਹਮਦਰਦੀ ਨਾਲ ਦੇਖਣਾ ਚਾਹੀਦਾ ਹੈ। ਇਸ ਨਾਲ ਆਪਣੀਆਂ ਕਮੀਆਂ ਨੂੰ ਵੀ ਨਜ਼ਰਅੰਦਾਜ਼ ਕਰਨਾ ਆ ਜਾਂਦਾ ਹੈ।

ਜੇਕਰ ਹੀਣ-ਭਾਵਨਾ ਅਤੇ ਸ਼ਰਮੀਲਾ ਸੁਭਾਅ ਰੁਕਾਵਟ ਖੜ੍ਹੀ ਕਰ ਰਿਹਾ ਹੈ ਤਾਂ ਪਹਿਰਾਵਾ ਅਜਿਹਾ ਪਾਓ, ਜਿਸ ਨਾਲ ਆਤਮਵਿਸ਼ਵਾਸ ਵਧੇ। ਚੰਗਾ ਖਾਣ ਅਤੇ ਚੰਗਾ ਪਹਿਨਣ ਨਾਲ ਆਤਮਵਿਸ਼ਵਾਸ ਵਿਚ ਵਾਧਾ ਹੁੰਦਾ ਹੈ।

ਬਹੁਤੀ ਵਾਰ ਵਿਅਕਤੀ ਸ਼ਰਮੀਲਾ ਅਤੇ ਹੀਣਾ ਉਦੋਂ ਮਹਿਸੂਸ ਕਰਦਾ ਹੈ ਜਦੋਂ ਉਸ ਨੂੰ ਇਸ ਗੱਲ ਦੀ ਚਿੰਤਾ ਹੋਵੇ ਕਿ ਉਸ ਦੀਆਂ ਕਮੀਆਂ ਦੂਜਿਆਂ ਦੇ ਸਾਹਮਣੇ ਉਜਾਗਰ ਹੋ ਜਾਣਗੀਆਂ। ਜੇਕਰ ਕੋਈ ਗ਼ਲਤੀ ਵੀ ਹੋ ਗਈ ਹੈ ਤਾਂ ਬਿਹਤਰੀ ਇਸ ਦੇ ਵਿਚ ਹੈ ਕਿ ਉਸ ਨੂੰ ਭੁੱਲ ਕੇ ਆਮ ਵਿਹਾਰ ਕੀਤਾ ਜਾਵੇ ਇਹ ਸੋਚ ਕੇ ਫਜ਼ੂਲ ਵਿਚ ਦੁਖੀ ਨਾ ਹੋਵੋ ਕਿ ਸਭ ਦਾ ਧਿਆਨ ਤੁਹਾਡੇ ਵੱਲ ਹੀ ਹੈ, ਸਾਰਿਆਂ ਨੂੰ ਆਪਣੇ-ਆਪਣੇ ਕੰਮ ਹੁੰਦੇ ਹਨ, ਇਸ ਲਈ ਦੂਜੇ ਤੁਹਾਡੇ ਬਾਰੇ ਕੀ ਕਹਿਣਗੇ, ਇਹ ਸੋਚ ਕੇ ਵਿਅਰਥ ਦੁਖੀ ਨਾ ਹੋਵੋ।

ਆਪਣਾ ਸਮਾਜਿਕ ਦਾਇਰਾ ਬਣਾਇਆ ਜਾ ਸਕਦਾ ਹੈ ਅਤੇ ਆਪਣੀਆਂ ਬਹੁਤ ਸਾਰੀਆਂ ਮਾਨਸਿਕ ਉਲਝਣਾਂ ਆਪਣੇ ਨਜ਼ਦੀਕੀਆਂ ਨਾਲ ਸਾਂਝੀਆਂ ਕੀਤੀਆਂ ਜਾ ਸਕਦੀਆਂ ਹਨ।

ਜੀਵਨ ਪੰਧ ‘ਤੇ ਅੱਗੇ ਵਧਦੇ ਰਹਿਣ ਲਈ ਬਹੁਤ ਸਾਰੇ ਖੇਤਰ ਹਨ, ਸਿਰਫ ਆਪਣੇ ਅੰਦਰ ਦੀ ਸਮਰੱਥਾ ਨੂੰ ਪਛਾਨਣ ਦੀ ਲੋੜ ਹੈ। ਜੋ ਲੋਕ ਹੀਣ-ਭਾਵਨਾ ਅਤੇ ਸੰਗ-ਸ਼ਰਮ ਛੱਡ ਕੇ ਆਪਣੇ ਜੀਵਨ ਦਾ ਰਾਹ ਪੱਧਰਾ ਕਰ ਲੈਂਦੇ ਹਨ, ਉਨ੍ਹਾਂ ਦੇ ਰਸਤੇ ਆਸਾਨ ਹੋ ਜਾਂਦੇ ਹਨ, ਤਾਂ ਦੇਰ ਕਿਸ ਗੱਲ ਦੀ ? ਜੇਕਰ ਤੁਸੀਂ ਹੀਣ-ਭਾਵਨਾ ਅਤੇ ਸ਼ਰਮੀਲੇ ਸੁਭਾਅ ਦੇ ਸ਼ਿਕਾਰ ਹੋ ਤਾਂ ਫੌਰਨ ਯਤਨ ਕਰੋ ਕਿ ਆਪਣੀ ਸ਼ਖ਼ਸੀਅਤ ਨੂੰ ਨਿਖਾਰਨ ਦੇ, ਦੂਜਿਆਂ ਨਾਲ ਆਪਣੇ ਵਿਚਾਰ ਸਾਂਝੇ ਕਰਨ ਦੇ, ਤਾਂ ਜੋ ਅਗਾਂਹਵਧੂ ਅਤੇ ਸਫਲ ਜ਼ਿੰਦਗੀ ਜੀਵੀ ਜਾ ਸਕੇ।

-ਐੱਚ. ਐੱਮ. ਵੀ., ਜਲੰਧਰ।

# ਪੰਜਾਬ ‘ਚ ਦਾਜ ਦਾ ਨਵਾਂ ਨਾਂਅ
# ਸਰਕਾਰੀ ਨੌਕਰੀ ਵਾਲੀ ਕੁੜੀ‘



ਹੁਣ ਤੱਕ ਪੰਜਾਬ ਦੀਆਂ ਹਜ਼ਾਰਾਂ ਕੁੜੀਆਂ ਦਾਜ ਦੀ ਭੇਟ ਚੜ੍ਹ ਚੁੱਕੀਆਂ ਹਨ। ਆਮ ਦੇਖਣ ਨੂੰ ਮਿਲਦਾ ਹੈ ਕਿ ਮੁੰਡੇ ਵਾਲੇ ਆਪਣੇ ਬੱਚਿਆਂ ਦੇ ਮੁੱਲ ਪਾਉਂਦੇ ਹਨ। ਮੁੰਡੇ ਵਾਲੇ ਪਰਿਵਾਰ ਆਪਣੀ ਹੈਸੀਅਤ ਦੇ ਆਧਾਰ ‘ਤੇ ਆਪਣੀਆਂ ਮੰਗਾਂ ਰੱਖਦੇ ਹਨ। ਜੋ ਕੁੜੀ ਵਾਲੇ ਇਨ੍ਹਾਂ ਮੰਗਾਂ ਦੀ ਪੂਰਤੀ ਕਰਦੇ ਹਨ, ਉੱਥੇ ਗੱਲ ਪੱਕੀ ਹੋ ਜਾਂਦੀ ਹੈ ਭਾਵ ਸੌਦਾ ਪੱਕਾ ਕਰ ਲਿਆ ਜਾਂਦਾ ਹੈ। ਜੇਕਰ ਕੁੜੀ ਵਾਲੇ ਗਰੀਬ ਹੁੰਦੇ ਹਨ ਤਾਂ ਉਨ੍ਹਾਂ ਨੂੰ ਇਹ ਮਹਿੰਗਾ ਸੌਦਾ ਫਿੱਟ ਨਹੀਂ ਬੈਠਦਾ ਤੇ ਉਨ੍ਹਾਂ ਨੂੰ ਇਸ ਰਿਸ਼ਤੇ ਤੋਂ ਹੱਥ ਧੋਣੇ ਪੈ ਜਾਂਦੇ ਹਨ। ਅੱਜ ਕਾਨੂੰਨ ਵਿਚ ਸੁਧਾਰ ਆਉਣ ਸਦਕਾ ਦਾਜ ਵਰਗੀਆਂ ਸਮੱਸਿਆਵਾਂ ਵਿਚ ਕੁਝ ਕਮੀ ਵੀ ਆਈ ਹੈ, ਕਿਉਂਕਿ ਅੱਜ ਅਜਿਹੇ ਦਾਜ ਦੇ ਲੋਭੀਆਂ ਲਈ ਜਾਂ ਲੜਕੀ ਨੂੰ ਤੰਗ-ਪ੍ਰੇਸ਼ਾਨ ਕਰਨ ਵਾਲਿਆਂ ਲਈ ਸਖ਼ਤ ਕਾਨੂੰਨ ਬਣੇ ਹਨ ਤੇ ਕਈਆਂ ਨੂੰ ਅਜਿਹੇ ਮਾਮਲਿਆਂ ਕਾਰਨ ਜੇਲ੍ਹਾਂ ਅੰਦਰ ਵੀ ਸੁੱਟਿਆ ਗਿਆ ਹੈ। ਤਰੱਕੀ ਹੋਣ ਦੇ ਨਾਲ ਕੁੜੀਆਂ ਵਾਲੇ ਇਸ ਸਮੱਸਿਆ ਦੇ ਪ੍ਰਤੀ ਕਾਫੀ ਹੱਦ ਤੱਕ ਜਾਗਰੂਕ ਹੋਏ ਹਨ ਤੇ ਮੀਡੀਆ ਆਉਣ ਦੇ ਨਾਲ ਤੇ ਹੋਰ ਕਾਨੂੰਨਾਂ ਤੇ ਸਜ਼ਾਵਾਂ ਦੇ ਡਰ ਤੋਂ ਲੜਕੇ ਵਾਲੇ ਵੀ ਜਾਗਰੂਕ ਹੋਏ ਹਨ। ਪਰ ਹੁਣ ਜਦੋਂ ਦਾਜ ਦੇ ਲੋਭੀਆਂ ਦੀ ਹਾਰ ਹੋ ਰਹੀ ਸੀ, ਤਾਂ ਇਹ ਦੇਖ ਕੇ ਉਨ੍ਹਾਂ ਨੇ ਦਾਜ ਦਾ ਇਕ ਨਵਾਂ ਹੀ ਰੂਪ ਸਾਹਮਣੇ ਲੈ ਆਂਦਾ। ਜਿਹੜੇ ਪਰਿਵਾਰ ਕੁਝ ਅਮੀਰ ਹਨ ਜਾਂ ਜਿਨ੍ਹਾਂ ਦਾ ਲੜਕਾ ਕੋਈ ਵੀ ਨੌਕਰੀ ਕਰਦਾ ਹੈ, ਹੁਣ ਉਹ ਇਕ ਵਾਰ ਦਾਜ ਮੰਗ ਕੇ ਆਪਣੀ ਪੂਰਤੀ ਨਹੀਂ ਕਰਦੇ, ਉਨ੍ਹਾਂ ਨੇ ਤਾਂ ਹੁਣ ਚੜ੍ਹੇ ਮਹੀਨੇ ਦਾਜ ਮੰਗਣ ਦਾ ਇਕ ਵਧੀਆ ਤੇ ਆਸਾਨ ਤਰੀਕਾ ਲੱਭ ਲਿਆ ਹੈ, ਉਹ ਹੈ ਸਰਕਾਰੀ ਨੌਕਰੀ ਵਾਲੀ ਕੁੜੀ। ਜਿਥੇ ਇਹ ਸਮੱਸਿਆ ਖਤਮ ਕਰਨ ਲਈ ਕੁੜੀ ਵਾਲੇ ਚਾਰ ਕਦਮ ਅੱਗੇ ਵਧੇ ਹਨ, ਉਥੇ ਲੜਕੇ ਵਾਲੇ 5 ਕਦਮ ਅੱਗੇ ਵਧ ਕੇ ਇਸ ਰੀਤ ਨੂੰ ਚਲਦੀ ਰੱਖਣ ਵਿਚ ਹਿੱਸਾ ਪਾ ਰਹੇ ਹਨ। ਇਸ ਨਵੇਂ ਲੱਭੇ ਤਰੀਕੇ ਨਾਲ ਪੁਰਾਣੇ ਦਾਜ ਮੰਗਣ ਦੇ ਤਰੀਕੇ ਤੋਂ 50 ਗੁਣਾ ਜ਼ਿਆਦਾ ਲਾਭ ਹੈ, ਕਿਉਂਕਿ ਪੁਰਾਣੇ ਤਰੀਕੇ ਨਾਲ ਗੱਡੀਆਂ, ਕਾਰਾਂ, ਪੈਸਾ, ਸੋਨਾ ਸਿਰਫ ਇਕ ਵਾਰ ਲੜਕੀ ਵਾਲਿਆਂ ਤੋਂ ਦਾਜ ਦੇ ਰੂਪ ਵਿਚ ਲੈ ਲਿਆ ਜਾਂਦਾ ਸੀ ਤੇ ਮੁੜ ਕੇ ਸਮੇਂ ਨਾਲ ਉਸ ਦੀ ਕੀਮਤ ਘੱਟਦੀ ਹੀ ਜਾਂਦੀ ਸੀ, ਪਰ ਇਸ ਨਵੇਂ ਤਰੀਕੇ ਵਿਚ ਲੜਕੇ ਦੇ ਪਰਿਵਾਰ ਦੀ ਕੋਈ ਮੰਗ ਨਹੀਂ ਹੁੰਦੀ, ਬਸ ਮੰਗ ਹੈ ਤਾਂ ਕੁੜੀ ਸਰਕਾਰੀ ਨੌਕਰੀ ਕਰਦੀ ਹੋਵੇ, ਜਿਸ ਨਾਲ ਹਰ ਮਹੀਨੇ 40 ਹਜ਼ਾਰ ਆਵੇਗਾ ਤੇ ਅਜਿਹੀਆ ਗੱਡੀਆਂ-ਕਾਰਾਂ ਤਾਂ ਫਿਰ ਕੁਝ ਮਹੀਨਿਆਂ ਦੀ ਤਨਖਾਹ ਵਿਚ ਹੀ ਆ ਜਾਣਗੀਆਂ ਤੇ ਨਾਲੇ ਕੋਈ ਕਾਨੂੰਨੀ ਡਰ ਨਹੀਂ, ਨਾ ਕੋਈ ਸਜ਼ਾ, ਨਾ ਕੋਈ ਬੇਇੱਜ਼ਤੀ, ਸਗੋਂ ਟੌਹਰ ਬਣਾ ਲੈਂਦੇ ਹਨ ਕਿ ਅਸੀਂ ਦਾਜ ਦਾ ਇਕ ਰੁਪਿਆ ਵੀ ਨਹੀਂ ਲਿਆ।

ਦਾਜ ਦੀ ਸਮੱਸਿਆ ਵਧਣ ਪਿੱਛੇ ਅਸਲ ਵਿਚ ਸਾਡਾ ਹੀ ਸਭ ਤੋਂ ਵੱਡਾ ਹੱਥ ਹੈ, ਕਿਉਂਕਿ ਜੇਕਰ ਲੜਕੇ ਵਾਲੇ ਨਹੀਂ ਮੰਗਦੇ ਤਾਂ ਲੜਕੀ ਵਾਲੇ ਖੁਦ ਦਿੰਦੇ ਹਨ, ਆਪਣੇ ਰਿਸ਼ਤੇਦਾਰਾਂ ਤੇ ਨਜ਼ਦੀਕੀਆਂ ਵਿਚ ਟੌਹਰ ਬਣਾਉਣ ਲਈ, ਇਹ ਕਹਿ ਕੇ ਕਿ ਅਸੀਂ ਤਾਂ ਆਪਣੀ ਲੜਕੀ ਨੂੰ ਦੇ ਰਹੇ ਹਾਂ। ਜੋ ਜ਼ਿਆਦਾ ਪੈਸੇ ਵਾਲੇ ਹੁੰਦੇ ਹਨ, ਉਹ ਆਪਣੀ ਲੜਕੀ ਨੂੰ ਜ਼ਿਆਦਾ ਤੋਂ ਜ਼ਿਆਦਾ ਦਾਜ ਦੇ ਕੇ ਜ਼ਮਾਨੇ ਵਿਚ ਆਪਣੀ ਸ਼ਾਨ ਮਹਿਸੂਸ ਕਰਦੇ ਹਨ, ਜਿਸ ਨਾਲ ਹੋਰ ਲੋਕਾਂ ਵਿਚ ਕਾਫੀ ਹੀਣ ਭਾਵਨਾ ਪੈਦਾ ਹੋ ਜਾਂਦੀ ਹੈ। ਅੱਜ ਲੜਕੇ ਵਾਲੇ ਚੰਗੇ ਬਣ ਕੇ ਸਰਕਾਰੀ ਨੌਕਰੀ ਦੀ ਆੜ ਹੇਠ ਕੁੜੀ ਵਾਲਿਆਂ ਦੀ ਲੁੱਟ ਕਰ ਰਹੇ ਹਨ, ਜਿਸ ਨਾਲ ਹੁਣ ਭੇਡ ਚਾਲ ਹੀ ਬਣ ਗਈ ਹੈ ਕਿ ਜੇ ਕੁੜੀ ਲੱਭਣੀ ਹੈ ਤਾਂ ਬਸ ਸਰਕਾਰੀ ਨੌਕਰੀ ਵਾਲੀ ਹੋਵੇ। ਕੀ ਜਿਨ੍ਹਾਂ ਕੁੜੀਆਂ ਕੋਲ ਸਰਕਾਰੀ ਨੌਕਰੀ ਨਹੀਂ, ਫਿਰ ਉਨ੍ਹਾਂ ਨੂੰ ਵਿਆਹ ਕਰਾਉਣ ਦਾ ਕੋਈ ਹੱਕ ਨਹੀਂ ? ਜੇ ਕੁੜੀ ਨੌਕਰੀ ਨਹੀਂ ਕਰਦੀ ਤਾਂ ਫਿਰ ਬਹੁਤੇ ਲੜਕੇ ਪਰਿਵਾਰ ਦੀ ਅੱਖ ਦਾਜ ‘ਤੇ ਹੁੰਦੀ ਹੈ।

ਕੁੜੀ ਵਾਲੇ ਤਾਂ ਦੋਵਾਂ ਪਾਸਿਆਂ ਵਿਚ ਫਸੇ ਹੀ ਰਹਿ ਜਾਂਦੇ ਹਨ। ਇੰਜ ਨਹੀਂ ਕਿ ਸਾਰੇ ਹੀ ਇਸ ਤਰ੍ਹਾਂ ਦੇ ਹਨ, ਬਹੁਤ ਪਰਿਵਾਰ ਹਨ ਜੋ ਬਹੁਤ ਹੀ ਸਮਝਦਾਰ ਤੇ ਵਧੀਆ ਸੋਚ ਦੇ ਮਾਲਕ ਹਨ, ਜੋ ਇਸ ਸਮੱਸਿਆ ਤੋਂ ਕੋਹਾਂ ਦੂਰ ਹਨ ਤੇ ਸਾਦਾ ਤੇ ਦਾਜ ਰਹਿਤ ਵਿਆਹ ਪਸੰਦ ਕਰਦੇ ਹਨ ਤੇ ਬਹੁਤੇ ਅਜਿਹੇ ਵਧੀਆ ਵਿਆਹ ਹਨ, ਜੋ ਬਹੁਤ ਹੀ ਕਾਮਯਾਬ ਚੱਲ ਰਹੇ ਹਨ। ਸਾਨੂੰ ਵੀ ਲੋੜ ਹੈ ਉਨ੍ਹਾਂ ਪਰਿਵਾਰਾਂ ਤੋਂ ਸੇਧ ਲੈਣ ਦੀ, ਜਿਨ੍ਹਾਂ ਨੇ ਇਸ ਸਮੱਸਿਆ ਨੂੰ ਖਤਮ ਕਰਨ ਵਿਚ ਆਪਣਾ ਯੋਗਦਾਨ ਪਾ ਕੇ ਮਿਸਾਲ ਕਾਇਮ ਕੀਤੀ ਹੈ। ਅਸਲ ਸਚਾਈ ਇਹ ਹੈ ਕਿ ਦਾਜ ਦੇਣਾ ਤਾਂ ਹੀ ਰੁਕ ਸਕੇਗਾ, ਜੇ ਅਸੀਂ ਆਪਣੀ ਸੋਚ ਵਿਚ ਤਬਦੀਲੀ ਲਿਆ ਕੇ ਦਾਜ ਲੈਣਾ ਬੰਦ ਕਰਾਂਗੇ ਤੇ ਲਾਲਚ ਛੱਡ ਕੇ ਜੋ ਪਰਮਾਤਮਾ ਨੇ ਬਖਸ਼ਿਆ ਹੈ, ਉਸ ਦੇ ਹੁਕਮ ਵਿਚ ਹੀ ਰਹਿ ਕੇ ਖੁਸ਼ਮਈ ਜੀਵਨ ਦਾ ਆਨੰਦ ਮਾਣਾਂਗੇ।

***ਇਸ ਨਵੇਂ ਤਰੀਕੇ ਵਿਚ ਲੜਕੇ ਦੇ ਪਰਿਵਾਰ ਦੀ ਕੋਈ ਮੰਗ ਨਹੀਂ ਹੁੰਦੀ, ਬਸ ਮੰਗ ਹੈ ਤਾਂ ਕੁੜੀ ਸਰਕਾਰੀ ਨੌਕਰੀ ਕਰਦੀ ਹੋਵੇ, ਜਿਸ ਨਾਲ ਹਰ ਮਹੀਨੇ 40 ਹਜ਼ਾਰ ਆਵੇਗਾ ਤੇ ਅਜਿਹੀਆ ਗੱਡੀਆਂ-ਕਾਰਾਂ ਤਾਂ ਫਿਰ ਕੁਝ ਮਹੀਨਿਆਂ ਦੀ ਤਨਖਾਹ ਵਿਚ ਹੀ ਆ ਜਾਣਗੀਆਂ ਤੇ ਨਾਲੇ ਕੋਈ ਕਾਨੂੰਨੀ ਡਰ ਨਹੀਂ, ਨਾ ਕੋਈ ਸਜ਼ਾ, ਨਾ ਕੋਈ ਬੇਇੱਜ਼ਤੀ, ਸਗੋਂ ਟੌਹਰ ਬਣਾ ਲੈਂਦੇ ਹਨ ਕਿ ਅਸੀਂ ਦਾਜ ਦਾ ਇਕ ਰੁਪਿਆ ਵੀ ਨਹੀਂ ਲਿਆ।***